**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

**ਗਗਨਦੀਪ ਸਿੰਘ ਜੰਜੂਆ** 9780643243
**ਪਿੰਡ ਤੂਰਾ ਡਾਕਖਾਣਾ ਖੁੰਭ ਤਹਿਸੀਲ ਅਮਲੋਹ ।**
**ਫਤਿਹਗੜ ਸਾਹਿਬ।**

------ਅਪੀਲਕਰਤਾ

**ਬਨਾਮ**

**ਲੋਕ ਸੂਚਨਾ ਅੱਧਿਕਾਰੀ,**
**ਦਫਤਰ ਡਿਪਟੀ ਕਮਿਸ਼ਨਰ ਐੱਸ.ਬੀ.ਐੱਸ ਨਗਰ।**

**ਪਹਿਲੀ ਅਪੀਲੀ ਅਥਾਰਟੀ,**
**ਦਫਤਰ ਡਿਪਟੀ ਕਮਿਸ਼ਨਰ ਐੱਸ.ਬੀ.ਐੱਸ.ਨਗਰ।**

**------ਉੱਤਰਦਾਤਾ**

**ਅਪੀਲ ਕੇਸ ਨੰ: 3447/2019**

**ਹਾਜ਼ਰ:-**

1) ਅਪੀਲਕਰਤਾ ਵਲੋਂ ਕੋਈ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਅਮਨਦੀਪ ਸਿਘ, ਕਲਰਕ(98772-43998) ਦਫਤਰ ਡਿਪਟੀ ਕਮਿਸ਼ਨਰ ਐੱਸ.ਬੀ.ਐੱਸ ਨਗਰ

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 01-06-2019, ਲੋਕ ਸੂਚਨਾ ਅਧਿਕਾਰੀ, ਦਫਤਰ ਡਿਪਟੀ ਕਮਿਸ਼ਨਰ ਐੱਸ.ਬੀ.ਐੱਸ ਨਗਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਡਿਪਟੀ ਕਮਿਸ਼ਨਰ ਸ਼:ਭ:ਸ:ਨ: ਪਾਸੋਂ 08-10-2018 ਨੂੰ ਬੰਗਾਂ ਦੇ ਡੇਰਾ ਭਗਵਾਨ ਸ੍ਰੀ ਚੰਦਰ ਜੀ ਉਦਾਸੀਨ ਦੀ ਜਮੀਨ ਨਾਲ ਸਬੰਧਤ 02 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਸਬੰਧਤ ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 15-07-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 18-09-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 04-10-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 23-10-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅੱਜ ਪੇਸ਼ੀ ਤੇ ਅਪੀਲਕਰਤਾ ਹਾਜ਼ਰ ਨਹੀਂ ਹੋਇਆ ਪਰ ਉਸ ਵਲੋਂ ਈ.ਮੇਲ ਰਾਹੀਂ ਆਪਣੇ ਪੱਤਰ ਮਿਤੀ 23-10-2019 ਰਾਹੀਂ ਸੂਚਿਤ ਕੀਤਾ ਗਿਆ ਕਿ ਉਹ ਹਾਜ਼ਰ ਨਹੀਂ ਹੋ ਸਕਦਾ ਇਸ ਲਈ ਅਗਲੀ ਮਿਤੀ ਦਿੱਤੀ ਜਾਵੇ।ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ। ਉਸ ਵਲੋਂ ਇਹ ਵੀ ਦਸਿਆ ਗਿਆ ਕਿ ਉਸ ਵਲੋਂ ਮਿਤੀ 01-06-2019 ਰਾਹੀਂ ਜੋ ਜਾਣਕਾਰੀ ਮੰਗੀ ਸੀ ਉਸ ਵਿਚ ਮੇਰੇ ਵਲੋਂ ਪਹਿਲਾ ਮੰਗੀ ਗਈ ਸੂਚਨਾ ਸਬੰਧੀ, ਪਹਿਲਾਂ ਮਿਤੀ 16-05-2019 ਰਾਹੀਂ ਭੇਜੀ ਸੂਚਨਾ ਦਾ ਵੇਰਵਾ ਦੇ ਦਿੱਤਾ ਗਿਆ ਹੈ। ਇਸ ਤਰ੍ਹਾਂ ਸੂਚਨਾ ਦੇਣ ਵਿਚ ਮੁਲਾਜਿਮ ਜਾਣ ਬੁੱਝ ਕੇ ਆਨਾ ਕਾਨੀ ਕਰ ਰਹੇ ਹਨ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਅਮਨਦੀਪ ਸਿਘ, ਕਲਰਕ ਦਫਤਰ ਡਿਪਟੀ ਕਮਿਸ਼ਨਰ ਐੱਸ.ਬੀ.ਐੱਸ ਨਗਰ ਹਾਜ਼ਰ ਹੋਇਆ। ਉਸ ਵਲੋ ਲੋਕ ਸੂਚਨਾ ਅਫਸਰ ਦਾ ਪੱਤਰ ਨੰ: 454 ਆਰ.ਟੀ.ਆਈ. ਸੈਲ, ਮਿਤੀ 16-10-2019 ਪੇਸ਼ ਕੀਤਾ ਗਿਆ ਜੋ ਦਫਤਰ ਡਿਪਟੀ ਕਮਿਸ਼ਨਰ ਐੱਸ.ਬੀ.ਐੱਸ.ਨਗਰ ਨੂੰ ਸੰਬੋਧਤ ਹੈ ਅਤੇ ਕਾਪੀ ਕਮਿਸ਼ਨ ਨੂੰ ਕੀਤੀ ਗਈ ਹੈ, ਜਿਸ ਅਨੁਸਾਰ ਦਸਿਆ ਗਿਆ ਕਿ ਅਪੀਲਕਰਤਾ ਨੂੰ ਪਹਿਲੇ ਅਪੀਲ ਕੇਸ 561 ਮਿਤੀ 2019 ਵਿਚ ਸੂਚਨਾ ਦਿੱਤੀ ਜਾ ਚੁੱਕੀ ਹੈ। ਇਸ ਦੇ ਨਾਲ ਹੀ ਪੱਤਰ ਨੰ: 223/ਨਕਲ ਸ਼ਾਖਾ ਮਿਤੀ 08-07-2019 ਜੋ ਅਪੀਲਕਰਤਾ ਨੂੰ ਸੰਬੋਧਤ ਹੈ ਰਾਹੀਂ ਅਪੀਲਕਰਤਾ ਦੀ ਅਰਜੀ ਮਿਤੀ 01-06-2019 ਦੇ ਸਬੰਧ ਵਿਚ ਦਸਿਆ ਗਿਆ ਕਿ ਉਨ੍ਹਾਂ ਦੇ ਦਫਤਰ ਵਲੋਂ ਪਹਿਲਾਂ ਹੀ ਪੱਤਰ ਮਿਤੀ 17-12-2018 ਰਾਹੀਂ ਸੂਚਨਾ ਦਿੱਤੀ ਜਾ ਚੁੱਕੀ ਹੈ। ਇਸ ਸਬੰਧ ਵਿਚ ਪੱਤਰ ਮਿਤੀ 24-12-2018 ਰਾਹੀਂ ਦਿੱਤੀ ਸੂਚਨਾ ਵਿਚ ਵੀ ਇਹ ਹੀ ਦਸਿਆ ਗਿਆ ਸੀ।

4. ਅੱਜ ਪੇਸ਼ੀ ਤੇ ਹਾਜ਼ਰ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਅਮਨਦੀਪ ਸਿਘ, ਕਲਰਕ ਦਫਤਰ ਡਿਪਟੀ ਕਮਿਸ਼ਨਰ ਐੱਸ.ਬੀ.ਐੱਸ ਨਗਰ ਵਲੋਂ ਪੇਸ਼ ਕੀਤੇ ਗਏ ਦਸਤਾਵੇਜ਼ਾਂ ਅਤੇ ਅਪੀਲਕਰਤਾ ਵਲੋਂ ਈ.ਮੇਲ ਰਾਹੀਂ ਭੇਜੇ

ਪਰਤੋ ਜੀ----ਚਲਦਾ ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ: 3447/2019**

ਪੱਤਰ ਮਿਤੀ 23-10-2019 ਨੂੰ ਘੋਖਣ ਤੇ ਪਾਇਆ ਗਿਆ ਕਿ ਉੱਤਰਦਾਤਾ ਵਲੋਂ ਜਿਹੜਾ ਰਿਕਾਰਡ ਕਮਿਸ਼ਨ ਨੂੰ ਪੇਸ਼ ਕੀਤਾ ਗਿਆ ਉਹ 24-12-2018 ਦਾ ਪੱਤਰ ਵਿਚ ਮਿਤੀ 17-12-2018 ਦਾ ਪੱਤਰ ਪੇਸ਼ ਕੀਤਾ ਗਿਆ ਜਦੋਂ ਕਿ ਅਪੀਲਕਰਤਾ ਨੇ ਅਪੀਲ ਮਿਤੀ 01-06-2019 ਨੂੰ ਪਾਈ ਹੈ। ਇਸ ਤਰ੍ਹਾਂ ਡਿਪਟੀ ਕਮਿਸ਼ਨਰ ਦਫਤਰ ਕਮਿਸ਼ਨ ਨੂੰ ਗੁੰਮਰਾਹ ਕਰ ਰਿਹਾ ਹੈ। ਅੱਜ ਦੀ ਮਿਤੀ ਤੇ ਵਿਭਾਗ ਵਲੋਂ ਕਿਸੇ ਕਿਸਮ ਦਾ ਕਵਰਿੰਗ ਪੱਤਰ ਲਾ ਕੇ ਸੂਚਨਾ ਨਹੀਂ ਦਿੱਤੀ ਗਈ। ਉੱਤਰਦਾਤਾ ਵਲੋਂ ਆਪਣੇ ਪੱਤਰ ਵਿਚ ਮਿਤੀ ਗਲੱਤ ਦਸੀ ਗਈ ਹੈ। ਇਸ ਲਈ ਉਸਨੂੰ ਸਮਝਾ ਦਿੱਤਾ ਗਿਆ ਹੈ ਕਿ ਅਪੀਲਕਰਤਾ ਨਾਲ ਸੰਪਰਕ ਕਰਕੇ ਉਸਨੂੰ ਸਹੀ ਜਾਣਕਾਰੀ ਅਗਲੀ ਮਿਤੀ ਤੋਂ ਪਹਿਲਾਂ ਪਹਿਲਾਂ ਦਿੱਤੀ ਜਾਵੇ ਅਤੇ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਦੇ ਨਾਲ ਹੀ ਅਗਲੀ ਸੁਣਵਾਈ ਦੀ ਮਿਤੀ ਤੇ ਹਾਜ਼ਰੀ ਯਕੀਨੀ ਬਣਾਈ ਜਾਵੇ। ਇਸ ਹਦਾਇਤ ਨਾਲ ਇਹ ਕੇਸ **ਅਗਲੀ ਸੁਣਵਾਈ ਮਿਤੀ 14-11-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ ।

(ਨਿਧੱੜਕ ਸਿੰਘ ਬਰਾੜ)
**ਮਿਤੀ: ਚੰਡੀਗੜ੍ਹ, 23 ਅਕਤੂਬਰ, 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਡਾਕਟਰ ਭੁਪਿੰਦਰ ਸਿੰਘ 9876389559
ਮਕਾਨ ਨੰ 97 ਰੋਜ਼ ਏਵਿਨਿਊ ਖੇਰੀ ਰੋਡ ਪਟਿਆਲਾ।  --------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਰਜਿਸਟਰਾਰ ਪੰਜਾਬੀ ਯੂਨੀਵਰਸਿਟੀ ਪਟਿਆਲਾ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਪੰਜਾਬੀ ਯੂਨੀਵਰਸਿਟੀ ਪਟਿਆਲਾ।  ---------ਉੱਤਰਦਾਤ

ਅਪੀਲ ਕੇਸ ਨੰ: 3448/2019

ਹਾਜ਼ਰ:-

1) ਅਪੀਲਕਰਤਾ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਐਜਲ ਸ਼ਰਮਾਂ, ਵਕੀਲ (9876884444)

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 22-02-2019, **ਲੋਕ ਸੂਚਨਾ ਅਧਿਕਾਰੀ**, ਦਫਤਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਪੰਜਾਬੀ ਯੂਨੀਵਰਸਿਟੀ ਤੋਂ ਅਮਰਜੋ ਕੌਰ ਸਹਾਇਕ ਪ੍ਰੋਫੈਸਰ ਦੇ ਨਾਲ ਸਬੰਧਤ 09 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਸਬੰਧਤ ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 08-04-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 18-09-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 04-10-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 23-10-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅੱਜ ਪੇਸ਼ੀ ਤੇ ਅਪੀਲਕਰਤਾ ਹਾਜ਼ਰ ਹੋਇਆ ਉਸ ਵਲੋਂ ਦਸਿਆ ਗਿਆ ਕਿ ਉਸ ਨੂੰ ਅਜੇ ਤੱਕ ਸਹੀ ਸੂਚਨਾ ਪ੍ਰਾਪਤ ਨਹੀਂ ਹੋਈ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਐਂਜਲ ਸ਼ਰਮਾਂ, ਵਕੀਲ ਵਲੋਂ ਆਪਣਾ ਵਕਾਲਤਨਾਮਾ ਪੇਸ਼ ਕੀਤਾ ਗਿਆ ਜੋ ਮਿਸਲ ਤੇ ਰੱਖ ਲਿਆ ਗਿਆ ਹੈ। ਇਸ ਦੇ ਨਾਲ ਹੀ ਲੋਕ ਸੂਚਨਾ ਅਫਸਰ ਦਾ ਪੱਤਰ ਨੰ: 7869/ਐਸ-।।/268-19/ਆਰ.ਟੀ.ਆਈ. ਸੈਲ ਮਿਤੀ 18-10-2019 ਪੇਸ਼ ਕੀਤਾ ਗਿਆ ਜਿਸ ਰਾਹੀਂ ਉੱਤਰਦਾਤਾ ਵਲੋਂ ਦਸਿਆ ਗਿਆ ਕਿ ਲੜੀ ਨ: 1 ਨੂੰ ਛੱਡ ਕੇ ਬਾਕੀ ਦੀ ਜਾਣਕਾਰੀ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਖੇ ਕੋਰਟ ਕੇਸ ਸਿਵਲ ਰਿਟ ਪਟਿਸ਼ਨ ਨੰ: 2563 ਆਫ 2017 ਤਹਿਤ ਚੱਲ ਰਿਹਾ ਹੈ ਅਤੇ ਅਗਲੀ ਮਿਤੀ 02-07-2019 ਨਿਸਚਿਤ ਹੈ ਇਸ ਤਰ੍ਹਾਂ ਇਹ ਕੇਸ ਸਬ-ਜੁਡੀਅਸਡ ਹੈ। ਇਹ ਵੀ ਦਸਿਆ ਗਿਆ ਕਿ ਅਪੀਲਕਰਤਾ ਨੂੰ ਪੱਤਰਨੰ:2513/ਐਸ-।।/268-19/ਆਰ.ਟੀ.ਆਈ. ਸੈਲ ਮਿਤੀ 29-03-2019 ਰਾਹੀਂ ਉਸਦੀ ਪ੍ਰਤੀ ਬੇਨਤੀ ਮਿਤੀ 22-02-2019 ਦੇ ਸਬੰਧ ਵਿਚ ਸੂਚਿਤ ਕੀਤਾ ਜਾ ਚੁੱਕਾ ਹੈ। ਪੱਤਰ ਮਿਸਲ ਤੇ ਰੱਖ ਲਏ ਗਏ ਹਨ।

4. ਦੋਨਾਂ ਧਿਰਾਂ ਵਲੋਂ ਦਿੱਤੀਆਂ ਗਈਆਂ ਦਲੀਲਾਂ ਅਤੇ ਪੇਸ਼ ਕੀਤੇ ਗਏ ਰਿਕਾਰਡ ਨੂੰ ਘੋਖਣ ਤੇ ਪਾਇਆ ਗਿਆ ਕਿ ਉੱਤਰਦਾਤਾ ਵਲੋਂ ਅਪੀਲਕਰਤਾ ਨੂੰ ਭੇਜੀ ਗਈ ਸੂਚਨਾ ਤੋਂ ਅਪੀਲਕਰਤਾ ਸੰਤੁਸ਼ਟ ਨਹੀਂ ਹੈ। ਇਸ ਲਈ ਅਪੀਲਕਰਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜੇਕਰ ਉਸ ਨੂੰ ਪ੍ਰਾਪਤ ਹੋਈ ਸੂਚਨਾ ਵਿੱਚ ਕੋਈ ਤਰੁੱਟੀਆਂ ਪਾਈਆਂ ਗਈਆਂ ਹਨ ਤਾਂ ਉਨ੍ਹਾਂ ਬਾਰੇ ਲੋਕ ਸੂਚਨਾ ਅਧਿਕਾਰੀ **ਪੰਜਾਬੀ ਯੂਨੀਵਰਸਿਟੀ, ਪਟਿਆਲਾ** ਨੂੰ ਸਿੱਧੇ ਤੌਰ ਤੇ ਲਿਖਦੇ ਹੋਏ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਦੇ ਨਾਲ ਹੀ ਪੰਜਾਬੀ ਯੂਨੀਵਰਸਿਟੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜੇਕਰ ਉਨ੍ਹਾਂਨੂੰ ਅਪੀਲਕਰਤਾ ਵਲੋਂ ਦੱਸੀਆਂ ਤਰੁੱਟੀਆਂ ਪ੍ਰਾਪਤ ਹੁੰਦੀਆਂ ਹਨ ਤਾਂ ਅਗਲੀ ਮਿਤੀ ਤੋਂ ਪਹਿਲਾਂ ਪਹਿਲਾਂ ਦੂਰ ਕਰਕੇ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਹਦਾਇਤ ਨਾਲ ਇਹ ਕੇਸ **ਅਗਲੀ ਸੁਣਵਾਈ ਮਿਤੀ 14-11-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
ਰਾਜ ਸੂਚਨਾ ਕਮਿਸ਼ਨਰ, ਪੰਜਾਬ।

ਮਿਤੀ: ਚੰਡੀਗੜ੍ਹ, 23 ਅਕਤੂਬਰ, 2019.

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਡਾਕਟਰ ਭੁਪਿੰਦਰ ਸਿੰਘ 9876389559
ਮਕਾਨ ਨੰ 97 ਰੋਜ਼ ਏਵਿਨਿਊ ਖੇਰੀ ਰੋਡ ਪਟਿਆਲਾ। --------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਰਜਿਸਟਰਾਰ ਪੰਜਾਬੀ ਯੂਨੀਵਰਸਿਟੀ ਪਟਿਆਲਾ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਪੰਜਾਬੀ ਯੂਨੀਵਰਸਿਟੀ ਪਟਿਆਲਾ। --------ਉੱਤਰਦਾਤ

ਅਪੀਲ ਕੇਸ ਨੰ: 3457/2019

ਹਾਜ਼ਰ:-

1) ਅਪੀਲਕਰਤਾ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਐਜਲ ਸ਼ਰਮਾਂ, ਵਕੀਲ (9876884444)

ਹੁੱਕਮ:

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 24-04-2019, **ਲੋਕ ਸੂਚਨਾ ਅਧਿਕਾਰੀ,** ਦਫਤਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਪੰਜਾਬੀ ਯੂਨੀਵਰਸਿਟੀ ਤੋਂ ਐਮ.ਬੀ.ਏ. ਡਿਪਾਰਟਮੈਂਟ ਵਿਚ ਕੰਮ ਕਰ ਰਹੇ ਪ੍ਰੋਫੈਸਰ ਸ੍ਰੀ ਗੁਰਚਰਨ ਸਿੰਘ ਦੇ ਨਾਲ ਸਬੰਧਤ 05 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਸਬੰਧਤ ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 06-06-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 18-09-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 04-10-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 23-10-2019 ਨੂੰ ਸਵੇਰੇ 11:30 ਵਜੇ ਲਈ ਨਿਸ਼ਚਿਤ ਕੀਤਾ ਗਿਆ ਸੀ

2. ਅੱਜ ਪੇਸ਼ੀ ਤੇ ਅਪੀਲਕਰਤਾ ਹਾਜ਼ਰ ਹੋਇਆ ਉਸ ਵਲੋਂ ਦਸਿਆ ਗਿਆ ਕਿ ਉਸ ਨੂੰ ਅਜੇ ਤੱਕ ਸਹੀ ਸੂਚਨਾ ਪ੍ਰਾਪਤ ਨਹੀਂ ਹੋਈ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਐਂਜਲ ਸ਼ਰਮਾਂ, ਵਕੀਲ ਵਲੋਂ ਆਪਣਾ ਵਕਾਲਤਨਾਮਾ ਪੇਸ਼ ਕੀਤਾ ਗਿਆ ਜੋ ਮਿਸਲ ਤੇ ਰੱਖ ਲਿਆ ਗਿਆ ਹੈ। ਇਸ ਦੇ ਨਾਲ ਹੀ ਲੋਕ ਸੂਚਨਾ ਅਫਸਰ ਦਾ ਪੱਤਰ ਨੰ: 7865/ਐਸ-।।/436-19/ਆਰ.ਟੀ.ਆਈ. ਸੈਲ ਮਿਤੀ 18-10-2019 ਪੇਸ਼ ਕੀਤਾ ਗਿਆ ਜਿਸ ਰਾਹੀਂ ਉੱਤਰਦਾਤਾ ਵਲੋਂ ਦਸਿਆ ਗਿਆ ਕਿ ਮੰਗੀ ਗਈ ਸੂਚਨਾ ਦਾ ਸਬੰਧ ਤੀਜੇ ਪੱਖ/ Third Party ਨਾਲ ਹੈ।ਇਹ ਵੀ ਦਸਿਆ ਗਿਆ ਕਿ ਅਪੀਲਕਰਤਾ ਨੂੰ ਪੱਤਰ ਨੰ:4016/ਐਸ-।।/436-19/ਆਰ.ਟੀ.ਆਈ. ਸੈਲ ਮਿਤੀ 30-05-2019 ਰਾਹੀਂ ਉਸਦੀ ਪ੍ਰਤੀ ਬੇਨਤੀ ਮਿਤੀ 06-06-2019 ਦੇ ਸਬੰਧ ਵਿਚ ਸੂਚਿਤ ਕੀਤਾ ਜਾ ਚੁੱਕਾ ਹੈ।ਇਸ ਉਪਰੰਤ ਪਹਿਲੀ ਅਪੀਲੀ ਅਥਾਰਟੀ ਦੇ ਆਦੇਸ਼ਾਂ ਅਨੁਸਾਰ ਤੀਜੇ ਧਿਰ ਤੋਂ ਜਾਣਕਾਰੀ ਮੁਹੱਈਆ ਕਰਵਾਉਣ ਜਾਂ ਨਾ ਕਰਵਾਉਣ ਬਾਰੇ ਸਹਿਮਤੀ ਲਈ ਦਫਤਰ ਦੇ ਪੱਤਰ ਮਿਤੀ 26-06-2019 ਰਾਹੀਂ ਲਿਖਿਆ ਗਿਆ ਸੀ ਜਿਸ ਦੇ ਸਬੰਧ ਵਿਚ ਤੀਜੇ ਧਿਰ ਵਲੋਂ ਮਿਤੀ 05-07-2019 ਰਾਹੀਂ ਲਿਖਿਆ ਗਿਆ ਕਿ ਮੇਰੇ ਸਬੰਧ ਵਿਚ ਮੰਗੀ ਗਈ ਜਾਣਕਾਰੀ ਕਿਸੇ ਨੂੰ ਵੀ ਮੁਹੱਈਆਂ ਨਾ ਕਰਵਾਈ ਜਾਵੇ। ਇਸ ਸਬੰਧੀ ਵੀ ਅਪੀਲਕਰਤਾ ਨੂੰ ਪੱਤਰ ਮਿਤੀ 11-07-2019 ਰਾਹੀਂ ਸੂਚਿਤ ਕਰ ਦਿੱਤਾ ਗਿਆ ਸੀ। ਪੱਤਰ ਮਿਸਲ ਤੇ ਰੱਖ ਲਏ ਗਏ ਹਨ।

4. ਦੋਨਾਂ ਧਿਰਾਂ ਵਲੋਂ ਦਿੱਤੀਆਂ ਗਈਆਂ ਦਲੀਲਾਂ ਅਤੇ ਪੇਸ਼ ਕੀਤੇ ਗਏ ਰਿਕਾਰਡ ਨੂੰ ਘੋਖਣ ਤੇ ਪਾਇਆ ਗਿਆ ਕਿ ਉੱਤਰਦਾਤਾ ਵਲੋਂ ਅਪੀਲਕਰਤਾ ਨੂੰ ਭੇਜੀ ਗਈ ਸੂਚਨਾ ਤੋਂ ਅਪੀਲਕਰਤਾ ਸੰਤੁਸ਼ਟ ਨਹੀਂ ਹੈ। ਇਸ ਲਈ ਅਪੀਲਕਰਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜੇਕਰ ਉਸ ਨੂੰ ਪ੍ਰਾਪਤ ਹੋਈ ਸੂਚਨਾ ਵਿੱਚ ਕੋਈ ਤਰੁੱਟੀਆਂ ਪਾਈਆਂ ਗਈਆਂ ਹਨ ਤਾਂ ਉਨ੍ਹਾਂ ਬਾਰੇ ਲੋਕ ਸੂਚਨਾ ਅਧਿਕਾਰੀ **ਪੰਜਾਬੀ ਯੂਨੀਵਰਸਿਟੀ, ਪਟਿਆਲਾ** ਨੂੰ ਸਿੱਧੇ ਤੌਰ ਤੇ ਲਿਖਦੇ ਹੋਏ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਦੇ ਨਾਲ ਹੀ ਪੰਜਾਬੀ ਯੂਨੀਵਰਸਿਟੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜੇਕਰ ਉਸਨੂੰ ਅਪੀਲਕਰਤਾ ਵਲੋਂ ਦੱਸੀਆਂ ਤਰੁੱਟੀਆਂ ਪ੍ਰਾਪਤ ਹੁੰਦੀਆਂ ਹਨ ਤਾਂ ਅਗਲੀ ਮਿਤੀ ਤੋਂ ਪਹਿਲਾਂ ਪਹਿਲਾਂ ਦੂਰ ਕਰਕੇ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਹਦਾਇਤ ਨਾਲ ਇਹ ਕੇਸ **ਅਗਲੀ ਸੁਣਵਾਈ ਮਿਤੀ 14-11-2019 ਨੂੰ ਸਵੇਰੇ 11-30 ਵਜੇ ਲਈ ਨਿਸ਼ਚਿਤ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
ਮਿਤੀ: ਚੰਡੀਗੜ੍ਹ, 23 ਅਕਤੂਬਰ, 2019. ਰਾਜ ਸੂਚਨਾ ਕਮਿਸ਼ਨਰ, ਪੰਜਾਬ।

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਪਵਨ ਕੁਮਾਰ ਸ਼ਰਮਾ 9463950619
ਕੋਠੀ ਨੰ 585 ਫੇਸ 2 ਮੁਹਾਲੀ ----ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਜਿਲਾ ਮੈਨੇਜਰ ,ਜਿਲਾ ਇੰਡਸਟਰੀਜ ਸੈਂਟਰ ਮੁਹਾਲੀ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਜਿਲਾ ਮੈਨੇਜਰ ,ਜਿਲਾ ਇੰਡਸਟਰੀਜ ਸੈਂਟਰ ਮੁਹਾਲੀ। ----ਉੱਤਰਦਾਤਾ

**ਅਪੀਲ ਕੇਸ ਨੰ: 3469/2019**

**ਹਾਜ਼ਰ:-**

1) ਅਪੀਲਕਰਤਾ ਵਲੋਂ ਕੋਈ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਜਗਜੀਤ ਸਿੰਘ, ਜੇ.ਟੀ.ਏ. (98722-81746)ਅਤੇ ਪ੍ਰੇਮ ਲੱਤਾ, ਸੁਪਰਡੰਟ(81466-18936)

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 02-02-2019, **ਲੋਕ ਸੂਚਨਾ ਅਧਿਕਾਰੀ,** ਦਫਤਰ ਜਿਲਾ ਮੈਨੇਜਰ ,ਜਿਲਾ ਇੰਡਸਟਰੀਜ ਸੈਂਟਰ ਮੁਹਾਲੀ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਪੀ.ਆਈ.ਸੀ. ਮੁਹਾਲੀ ਤੋਂ ਮਿਤੀ 01-01-2015 ਤੋਂ 31-01-2019 ਤੱਕ ਪੀ.ਆਈ.ਸੀ. ਬਿਲਡਿੰਗ ਮੁਹਾਲੀ ਨਾਲ ਸਬੰਧਤ 02 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਸਬੰਧਤ ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 19-03-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 19-09-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 4-10-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 23-10-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ

2. ਅੱਜ ਪੇਸ਼ੀ ਤੇ ਅਪੀਲਕਰਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਉਸ ਵਲੋਂ ਨਾ ਹਾਜ਼ਰ ਹੋਣ ਬਾਰੇ ਕੋਈ ਈ.ਮੇਲ ਹੀ ਪ੍ਰਾਪਤ ਹੋਈ ਹੈ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਜਗਜੀਤ ਸਿੰਘ, ਜੇ.ਟੀ.ਏ. ਅਤੇ ਪ੍ਰੇਮ ਲੱਤਾ, ਸੁਪਰਡੰਟ ਹਾਜ਼ਰ ਹੋਏ। ਉਨ੍ਹਾਂ ਵਲੋਂ ਲੋਕ ਸੂਚਨਾ ਅਧਿਕਾਰੀ ਦਾ ਪੱਤਰ ਨੰ: ਜਿਓਕੇ/ਐਸ.ਏ.ਐਸ.ਐਨ/4403 ਮਿਤੀ 22-10-2019 ਪੇਸ਼ ਕੀਤਾ ਗਿਆ ਜੋ ਕਿ ਕਮਿਸ਼ਨ ਨੂੰ ਸੰਬੋਧਤ ਹੈ ਰਾਹੀਂ ਦਸਿਆ ਗਿਆ ਕਿ ਸਰਕਾਰੀ ਬਿਲਡਿੰਗ ਹੋਣ ਕਾਰਨ ਇਸ ਦੀ ਮੇਨਟੈਨੈਂਸ ਆਦਿ ਦਾ ਕੰਮ ਪੀ.ਡਬਲਿਊ.ਡੀ ਵਿਭਾਗ ਵਲੋਂ ਵੇਖਿਆ ਜਾਂਦਾ ਹੈ ਅਤੇ ਉਨ੍ਹਾਂ ਦੇ ਦਫਤਰ ਨਾਲ ਸਬੰਧਤ ਸੂਚਨਾ ਬਿਨੈਕਾਰ ਨੂੰ ਦੇ ਦਿੱਤੀ ਸੀ। ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ।

4. ਪੇਸ਼ੀ ਤੇ ਹਾਜ਼ਰ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਦੇ ਨੁਮਾਇੰਦਿਆਂ ਸ੍ਰੀ ਜਗਜੀਤ ਸਿੰਘ, ਜੇ.ਟੀ.ਏ. ਅਤੇ ਸ੍ਰੀਮਤੀ ਪ੍ਰੇਮ ਲੱਤਾ, ਸੁਪਰਡੰਟ ਵਲੋਂ ਪੇਸ਼ ਕੀਤੇ ਗਏ ਉੱਤਰ ਰਾਹੀਂ ਦਸਿਆ ਗਿਆ ਕਿ ਉਨ੍ਹਾਂ ਦੇ ਦਫਤਰ ਨਾਲ ਸਬੰਧਤ ਸੂਚਨਾ ਪਹਿਲਾਂ ਹੀ ਅਪੀਲਕਰਤਾ ਨੂੰ ਦੇ ਦਿੱਤੀ ਗਈ ਹੈ। ਅੱਜ ਅਪੀਲਕਰਤਾ ਹਾਜ਼ਰ ਨਹੀਂ ਹੋਇਆ, ਇਸ ਲਈ ਅਪੀਲਕਰਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜੇਕਰ ਉਸ ਨੂੰ ਪ੍ਰਾਪਤ ਹੋਈ ਸੂਚਨਾ ਵਿੱਚ ਕੋਈ ਤਰੁੱਟੀਆਂ ਪਾਈਆਂ ਗਈਆਂ ਹਨ ਤਾਂ ਉਨ੍ਹਾਂ ਬਾਰੇ ਲੋਕ ਸੂਚਨਾ ਅਧਿਕਾਰੀ ਦਫਤਰ ਜਿਲਾ ਮੈਨੇਜਰ ,ਜਿਲਾ ਇੰਡਸਟਰੀਜ ਸੈਂਟਰ ਮੁਹਾਲੀ ਨੂੰ ਸਿੱਧੇ ਤੌਰ ਤੇ ਲਿਖਦੇ ਹੋਏ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਦੇ ਨਾਲ ਹੀ ਜਿਲਾ ਮੈਨੇਜਰ ,ਜਿਲਾ ਇੰਡਸਟਰੀਜ ਸੈਂਟਰ ਮੁਹਾਲੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜੇਕਰ ਅਪੀਲਕਰਤਾ ਵਲੋਂ ਦੱਸੀਆਂ ਤਰੁੱਟੀਆਂ ਪ੍ਰਾਪਤ ਹੁੰਦੀਆਂ ਹਨ ਤਾਂ ਅਗਲੀ ਮਿਤੀ ਤੋਂ ਪਹਿਲਾਂ ਪਹਿਲਾਂ ਦੂਰ ਕਰਕੇ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਹਦਾਇਤ ਨਾਲ ਇਹ ਕੇਸ **ਅਗਲੀ ਸੁਣਵਾਈ ਮਿਤੀ 13-11-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

**(ਨਿਧੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 23 ਅਕਤੂਬਰ, 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਜ਼ਸਵੰਤ ਸਿੰਘ, ਵਕੀਲ
ਚੈਂਬਰ ਨੰ 8017.-ਏ 8ਵੀ ਮੰਜਿਲ ਨਿਊ ਕੋਰਟ ਕੰਪਲੈਕਸ,
ਪਾਰਟ 2, ਲੁਧਿਆਣਾ।                                                  ---------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਆਈ.ਐਮ.ਸੀ. ਕੋਰਪੋਰੇਟ ਆਫਿਸ।
ਪੰਜਾਬੀ ਭਵਨ ਰੋਡ,ਜਿਲਾ ਕਚਹਿਰੀ ਏਰੀਆ,ਮਾਡਲ ਗਰਾਮ ਲੁਧਿਆਣਾ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਆਈ.ਐਮ.ਸੀ. ਕੋਰਪੋਰੇਟ ਆਫਿਸ
ਪੰਜਾਬੀ ਭਵਨ ਰੋਡ,ਜਿਲਾ ਕਚਹਿਰੀ ਏਰੀਆ,ਮਾਡਲ ਗਰਾਮ ਲੁਧਿਆਣਾ।                ---------ਉੱਤਰਦਾਤਾ

**ਅਪੀਲ ਕੇਸ ਨੰ: 2718/2019**

**ਹਾਜ਼ਰ:-**

1) ਅਪੀਲਕਰਤਾ ਵੱਲੋਂ ਕੋਈ ਨਹੀਂ।
2) ਉੱਤਰਦਾਤਾ ਵੱਲੋਂ ਵੀ ਕੋਈ ਨਹੀਂ।

**ਹਕਮ:**

ਪਿਛਲੀ ਪੇਸ਼ੀ ਦੀ ਮਿਤੀ 25-09-2019 ਨੂੰ ਦੋਵਾਂ ਧਿਰਾਂ ਵਲੋਂ ਪੇਸ਼ੀ ਤੇ ਕੋਈ ਵੀ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਉਨ੍ਹਾਂ ਵਲੋਂ ਅੱਜ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਹੀ ਭੇਜੀ ਗਈ ਹੈ। ਇਸ ਲਈ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਹਦਾਇਤ ਕੀਤੀ ਗਈ ਸੀ ਕਿ ਅਪੀਲਕਰਤਾ ਵੱਲੋਂ ਮੰਗੀ ਗਈ ਆਰ.ਟੀ.ਆਈ. ਐਕਟ,2005 ਤਹਿਤ ਬਣਦੀ ਸੂਚਨਾ ਪੇਸ਼ੀ ਦੀ ਅਗਲੀ ਮਿਤੀ ਤੋਂ ਪਹਿਲਾਂ-ਪਹਿਲਾਂ ਅਪੀਲਕਰਤਾ ਨੂੰ ਮੁਹੱਈਆ ਕਰਵਾਈ ਜਾਵੇ ਅਤੇ ਪੇਸ਼ੀ ਤੇ ਹਾਜ਼ਰੀ ਵੀ ਯਕੀਨੀ ਬਣਾਈ ਜਾਵੇ। ਇਸ ਲਈ ਇਹ ਕੇਸ ਅਗਲੀ ਸੁਣਵਾਈ ਲਈ ਮਿਤੀ 23-10-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅੱਜ ਵੀ ਦੋਵੇਂ ਧਿਰਾਂ ਵਲੋਂ ਪੇਸ਼ੀ ਤੇ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਉਨ੍ਹਾਂ ਵਲੋਂ ਅੱਜ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਹੀ ਭੇਜੀ ਗਈ ਹੈ। ਇਸ ਲਈ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਪੀਲਕਰਤਾ ਵੱਲੋਂ ਮੰਗੀ ਗਈ ਆਰ.ਟੀ.ਆਈ. ਐਕਟ,2005 ਤਹਿਤ ਬਣਦੀ ਸੂਚਨਾ ਪੇਸ਼ੀ ਦੀ ਅਗਲੀ ਮਿਤੀ ਤੋਂ ਪਹਿਲਾਂ-ਪਹਿਲਾਂ ਅਪੀਲਕਰਤਾ ਨੂੰ ਮੁਹੱਈਆ ਕਰਵਾਈ ਜਾਵੇ ਅਤੇ ਪੇਸ਼ੀ ਤੇ ਹਾਜ਼ਰੀ ਵੀ ਯਕੀਨੀ ਬਣਾਈ ਜਾਵੇ। ਇਸ ਲਈ **ਇਹ ਕੇਸ ਅਗਲੀ ਸੁਣਵਾਈ ਲਈ ਮਿਤੀ 14-11-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਜਾਂਦਾ ਹੈ।**

(ਨਿਧੱੜਕ ਸਿੰਘ ਬਰਾੜ)
**ਮਿਤੀ: ਚੰਡੀਗੜ੍ਹ, 23 ਅਕਤੂਬਰ , 2019.**                                   **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਕੀਮਤੀ ਲਾਲ ਕਸ਼ਿਅਪ (789757100)
ਪੁੱਤਰ ਸ੍ਰੀ ਕ੍ਰਿਸ਼ਨ ਲਾਲ ਕਸ਼ਿਅਪ,
ਵਾਸੀ ਟੀਚਰ ਕਲੋਨੀ , ਨਵਾਂਸ਼ਹਿਰ। -------ਸ਼ਿਕਾਇਤਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਡਿਪਟੀ ਕਮਿਸ਼ਨਰ,
ਸ਼ਹੀਦ ਭਗਤ ਸਿੰਘ ਨਗਰ। ------- ਉੱਤਰਦਾਤਾ

**ਸ਼ਿਕਾਇਤ ਕੇਸ ਨੰ: 649 / 2019**

**ਹਾਜ਼ਰ:-** 1) ਸ਼ਿਕਾਇਤਕਰਤਾ ਵੱਲੋਂ ਕੋਈ ਨਹੀ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵਲੋਂ ਸ੍ਰੀ ਸੁਖਵਿੰਦਰ ਸਿੰਘ, ਦਫਤਰ ਡਿਪਟੀ ਕਮਿਸ਼ਨਰ, ਸ਼ਹੀਦ ਭਗਤ ਸਿੰਘ ਨਗਰ

**ਹੁੱਕਮ:**

ਸ਼ਿਕਾਇਤਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇੱਕ ਬਿਨੈ ਪੱਤਰ ਮਿਤੀ 15-04-2019 ਨੂੰ ਲੋਕ ਸੂਚਨਾ ਅਧਿਕਾਰੀ, ਦਫਤਰ ਡਿਪਟੀ ਕਮਿਸਨਰ, ਸ਼ਹੀਦ ਭਗਤ ਸਿੰਘ ਨਗਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਵੱਲੋਂ ਜਨਵਰੀ, 2010 ਤੋਂ ਅਪ੍ਰੈਲ, 2019 ਤੱਕ ਟ੍ਰੈਵਲ ਏਜੰਟ, ਸਟਡੀ ਅਬਰੋਡ, ਇੰਮੀਗਰੇਸ਼ਨ ਸੈਂਟਰ, ਆਈਲੈਟ ਸੈਂਟਰ ਦਾ ਰਜਿਸਟਰਡ ਨੰਬਰ ਪ੍ਰਾਪਤ ਕਰਨ ਨਾਲ ਸਬੰਧਤ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ 25-07-2019 ਨੂੰ ਕਮਿਸ਼ਨ ਕੋਲ ਸ਼ਿਕਾਇਤ ਦਾਇਰ ਕੀਤੀ ਸੀ ਇਹ ਕੇਸ ਪਹਿਲੀ ਸੁਣਵਾਈ, ਮਿਤੀ 25-09-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ। ਪੇਸ਼ੀ ਤੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ, ਸ੍ਰੀ ਸ਼ਿਵ ਪ੍ਰਸ਼ਾਦ, ਸੀਨੀਅਰ ਸਹਾਇਕ ਨੇ ਰਜਿਸਟਰਡ ਪੱਤਰ ਨੰ:5198/ਐਮ.ਏ./ਐਮ.ਸੀ-2 ਮਿਤੀ 22-05-2019 , ਜੋ ਕਿ ਸ਼ਿਕਾਇਤਕਰਤਾ ਨੂੰ ਸੰਬੋਧਿਤ ਕੀਤਾ ਗਿਆ ਹੈ, ਦੀ ਦਫ਼ਤਰੀ ਕਾਪੀ ਦੀ ਕਾਪੀ ਪੇਸ਼ ਕਰਦੇ ਹੋਏ ਕਿਹਾ ਕਿ ਉਨ੍ਹਾਂ ਵੱਲੋਂ ਸ਼ਿਕਾਇਤਕਰਤਾ ਨੂੰ ਸੂਚਿਤ ਕੀਤਾ ਜਾ ਚੁੱਕਾ ਹੈ ਕਿ ਉਸਦੀ ਦਰਖਾਸਤ ਮਿਤੀ 15-04-2019 Ministry of Personnel, Public Grievance & Pensions, Department of Personnel & Training ਵੱਲੋਂ ਪੱਤਰ ਨੰ: 1/69/2017-ਆਈ.ਆਰ. ਮਿਤੀ 27-02-2008 ਰਾਹੀਂ ਜ਼ਾਰੀ Office Memorandum ਦੇ ਪੈਰ੍ਹਾ ਨੰਬਰ 8 ਅਨੁਸਾਰ ਦਾਖਲ ਦਫਤਰ ਕਰ ਦਿੱਤੀ ਗਈ ਸੀ। ਸ਼ਿਕਾਇਤਕਰਤਾ ਪੇਸ਼ੀ ਤੇ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਉਸ ਵੱਲੋਂ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਹੀ ਭੇਜੀ ਗਈ ਹੈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼ਿਕਾਇਤਕਰਤਾ ਨੂੰ ਸੂਚਨਾ ਭੇਜੀ ਜਾ ਚੁੱਕੀ ਸੀ। ਇਸ ਲਈ ਸ਼ਿਕਾਇਤਕਰਤਾ ਨੂੰ ਹਦਾਇਤ ਕੀਤੀ ਗਈ ਸੀ ਕਿ ਜੇਕਰ ਉਸ ਨੂੰ ਪ੍ਰਾਪਤ ਹੋਈ ਸੂਚਨਾ ਵਿੱਚ ਕੋਈ ਤਰੁੱਟੀਆਂ ਪਾਈਆਂ ਜਾਣ ਤਾਂ ਉਨ੍ਹਾਂ ਬਾਰੇ ਲਿਖਤੀ ਰੂਪ ਵਿੱਚ ਸਿੱਧੇ ਤੌਰ ਤੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਸੂਚਿਤ ਕੀਤਾ ਜਾਵੇ ਤਾਂ ਜੋ ਉਨ੍ਹਾਂ ਦੀ ਪੂਰਤੀ ਹੋ ਸਕੇ। ਇਸ ਲਈ ਇਹ ਕੇਸ ਅਗਲੀ ਸੁਣਵਾਈ ਲਈ ਮਿਤੀ 23-10-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅੱਜ ਵੀ ਸ਼ਿਕਾਇਤਕਰਤਾ ਪੇਸ਼ੀ ਤੇ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਉਸ ਵੱਲੋਂ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਹੀ ਭੇਜੀ ਗਈ ਹੈ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਸੁਖਵਿੰਦਰ ਸਿੰਘ ਪੇਸ਼ੀ ਤੇ ਹਾਜ਼ਰ ਹੋਏ, ਉਨ੍ਹਾਂ ਵਲੋਂ ਦਸਿਆ ਗਿਆ ਕਿ ਕਮਿਸ਼ਨ ਦੇ ਹੁਕੱਮਾਂ ਅਨੁਸਾਰ ਅੱਜ ਮਿਤੀ 23-10-2019 ਤੱਕ ਉਨ੍ਹਾਂ ਦੇ ਵਿਭਾਗ ਨੂੰ ਕੋਈ ਵੀ ਡੈਫੀਸੈਂਸੀ ਪ੍ਰਾਪਤ ਨਹੀਂ ਹੋਈ। ਇਸ ਲਈ ਇਹ ਕੇਸ ਦਾਖਲ ਦਫਤਰ ਕਰਨ ਲਈ ਬੇਨਤੀ ਕੀਤੀ ਗਈ ਹੈ। ਅੱਜ ਇਹ ਕੇਸ ਉਤਰਦਾਤਾ ਵਲੋਂ ਸ਼ਿਕਾਇਤਕਰਤਾ ਨੂੰ ਮੁਹੱਈਆ ਕਰਵਾਈ ਗਈ ਸੂਚਨਾ ਵਿਚ ਪਾਈਆਂ ਗਈਆਂ ਤਰੁੱਟੀਆਂ ਪੇਸ਼ ਕਰਨ ਅਤੇ ਤਰੁੱਟੀਆਂ ਨੂੰ ਦੂਰ ਕਰਨ ਲਈ ਨਿਸਚਿਤ ਕੀਤਾ ਗਿਆ ਸੀ। ਉੱਤਰਦਾਤਾ ਵਲੋਂ ਉਕਤ ਅਨੁਸਾਰ ਦਸੇ ਮੁਤਾਬਿਕ ਉਨ੍ਹਾਂ ਨੂੰ ਇਸ ਕੇਸ ਵਿਚ ਅੱਜ ਤੱਕ ਕੋਈ ਡੈਫੀਸੈਂਸੀ ਪ੍ਰਾਪਤ ਨਹੀਂ ਹੋਈ। ਇਸ ਲਈ ਇਸ ਕੇਸ ਵਿਚ ਕਿਸੇ ਹੋਰ ਕਾਰਵਾਈ ਦੀ ਲੋੜ ਨਹੀਂ। ਇਹ **ਸ਼ਿਕਾਇਤ ਕੇਸ ਬੰਦ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**

**ਮਿਤੀ: ਚੰਡੀਗੜ੍ਹ, 23 ਅਕਤੂਬਰ, 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਗੁਰਪ੍ਰੀਤ ਸਿੰਘ (98720-90755)
ਮਕਾਨ ਨੰ: 360/36-ਡੀ ,
ਮੁੱਹਲਾ ਨਿਉ ਆਤਮ ਨਗਰ ਜਗਰਾਓ,
ਜਿਲਾ ਲੁਧਿਆਣਾ । ---------ਸ਼ਿਕਾਇਤਕਰਤਾ

**ਬਨਾਮ**

ਲੋਕ ਸੂਚਨਾ ਅਧਿਕਾਰੀ,
ਦਫਤਰ ਆਰੀਆ ਕਾਲਿਜ, ਲੁਧਿਆਣਾ। -------- ਉੱਤਰਦਾਤਾ

**ਸ਼ਿਕਾਇਤ ਕੇਸ ਨੰ: 652/2019**

**ਹਾਜ਼ਰ:-** 1) ਸ਼ਿਕਾਇਤਕਰਤਾ ਵਲੋਂ ਕੋਈ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵਲੋਂ ਸ੍ਰੀ ਰਾਹੂਲ ਭਨੋਟ, ਐਡਵੋਕੇਟ,

**ਹੁੱਕਮ:**

ਪਿਛਲੀ ਸੁਣਵਾਈ ਦੀ ਮਿਤੀ 25-09-2019 ਨੂੰ ਸ਼ਿਕਾਇਤਕਰਤਾ ਨੇ ਕਿਹਾ ਕਿ ਉਸ ਨੂੰ ਅਜੇ ਤੱਕ ਮੰਗੀ ਗਈ ਸੂਚਨਾ ਪ੍ਰਾਪਤ ਨਹੀਂ ਹੋਈ। ਇਸ ਲਈ ਉਸ ਨੇ ਸੂਚਨਾ ਮੁੱਹਈਆ ਕਰਾਉਣ ਲਈ ਬੇਨਤੀ ਕੀਤੀ । ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ , ਸ੍ਰੀ ਸਮੀਰ ਸਚਦੇਵਾ, ਐਡਵੋਕੇਟ ਨੇ ਕਿਹਾ ਕਿ ਸ਼ਿਕਾਇਤਕਰਤਾ ਦੀ ਆਰ.ਟੀ.ਆਈ. ਅਰਜੀ ਮਿਤੀ 07-06-2019 ਉਨ੍ਹਾਂ ਨੂੰ ਮਿਤੀ 11-06-2019 ਨੂੰ ਪ੍ਰਾਪਤ ਹੋਈ ਸੀ, ਜਿਸ ਦੇ ਸਬੰਧ ਵਿਚ ਉਨ੍ਹਾਂ ਵਲੋਂ ਆਪਣੇ ਪੱਤਰ ਨੰਬਰ ਏ.ਸੀ.ਐਲ. 2019/435 ਮਿਤੀ 09-07-2019 ਰਾਹੀਂ ਨਿਰਧਾਰਤ ਸਮੇਂ ਅੰਦਰ ਸ਼ਿਕਾਇਤਕਰਤਾ ਕੋਲੋਂ ਉਸ ਵਲੋਂ ਮੰਗੀ ਗਈ ਸੂਚਨਾ ਬਾਰੇ ਸਪੱਸ਼ਟੀਕਰਨ ਮੰਗਿਆ ਗਿਆ ਸੀ ਪਰੰਤੂ ਉਸ ਵੱਲੋਂ ਇਸ ਬਾਰੇ ਕੋਈ ਵੀ ਜਵਾਬ ਉਤਰਦਾਤਾ ਲੋਕ ਸੂਚਨਾ ਅਧਿਕਾਰੀ ਨੂੰ ਨਹੀਂ ਭੇਜਿਆ ਗਿਆ । ਜਿਸ ਕਰਕੇ ਉਸਨੂੰ ਸੂਚਨਾ ਮੁੱਹਈਆ ਨਹੀਂ ਕਰਵਾਈ ਜਾ ਸਕੀ। ਇਸ ਬਾਰੇ ਉਨ੍ਹਾਂ ਵਲੋਂ ਆਪਣੇ ਪੱਤਰ ਨੰਬਰ ਏ.ਸੀ.ਐਲ. 2019/746 ਮਿਤੀ 11-09-2019, ਜਿਸਦਾ ਇਕ ਉਤਾਰਾ ਸ਼ਿਕਾਇਤਕਰਤਾ ਨੂੰ ਵੀ ਭੇਜਿਆ ਹੋਇਆ ਹੈ ਰਾਹੀਂ ਵੀ ਕਮਿਸ਼ਨ ਨੂੰ ਵਿਸਥਾਰਪੂਰਵਕ ਜਵਾਬ ਭੇਜਿਆ ਹੋਇਆ ਹੈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵਲੋਂ ਸ਼ਿਕਾਇਤਕਰਤਾ ਨੂੰ ਨਿਰਧਾਰਤ ਸਮੇਂ ਅੰਦਰ ਜਵਾਬ ਭੇਜਿਆ ਗਿਆ ਸੀ। ਇਸ ਕਰਕੇ ਸ਼ਿਕਾਇਤਕਰਤਾ ਨੂੰ ਕਮਿਸ਼ਨ ਕੋਲ ਪਹੁੰਚ ਕਰਨ ਤੋਂ ਪਹਿਲਾਂ, ਪਹਿਲੀ ਅਪੀਲੀ ਅਥਾਰਟੀ ਕੋਲ ਪਹਿਲੀ ਅਪੀਲ ਦਾਇਰ ਕਰਨੀ ਬਣਦੀ ਸੀ ਪਰੰਤੂ ਉਸ ਵਲੋਂ ਅਜਿਹਾ ਨਹੀਂ ਕੀਤਾ ਗਿਆ । ਇਸ ਕਰਕੇ ਇਹ ਕੇਸ ਪਹਿਲੀ ਅਪੀਲੀ ਅਥਾਰਟੀ ਨੂੰ ਰਿਮਾਂਡ ਕਰਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਕੇਸ ਵਿਚ ਦੋਵਾਂ ਧਿਰਾਂ ਨੂੰ ਮਿਤੀ 15-10-2019 ਨੂੰ ਸੁਣਵਾਈ ਦਾ ਮੌਕਾ ਦੇ ਕੇ ਇਸ ਕੇਸ ਦਾ ਫੈਸਲਾ ਕਰਕੇ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ।ਸ਼ਿਕਾਇਤਕਰਤਾ ਨੂੰ ਇਹ ਅਧਿਕਾਰ ਹੋਵੇਗਾ ਕਿ ਜੇਕਰ ਉਹ ਪਹਿਲੀ ਅਪੀਲੀ ਅਥਾਰਟੀ ਦੇ ਉੱਤਰ ਤੋਂ ਸੰਤੁਸ਼ਟ ਨਾ ਹੋਵੇ ਤਾਂ ਕਮਿਸ਼ਨ ਕੋਲ ਪਹੁੰਚ ਕਰੇ। ਇਸ ਹਦਾਇਤ ਦੇ ਨਾਲ ਇਹ ਕੇਸ ਕਮਿਸ਼ਨ ਵਿਖੇ ਅਗਲੀ ਸੁਣਵਾਈ ਮਿਤੀ 23-10-2019 ਨੂੰ 11.30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅੱਜ ਸ਼ਿਕਾਇਤਕਰਤਾ ਹਾਜਰ ਨਹੀਂ ਹੋਇਆ ਅਤੇ ਨਾ ਹੀ ਉਸ ਵਲੋਂ ਹਾਜ਼ਰ ਨਾ ਹੋਣ ਬਾਰੇ ਕੋਈ ਸੂਚਨਾ ਪ੍ਰਾਪਤ ਹੋਈ ਹੈ। ਉੱਤਰਦਾਤਾ ਵਲੋਂ ਸ੍ਰੀ ਸਮੀਰ ਸਚਦੇਵਾ, ਐਡਵੋਕੇਟ ਦੀ ਥਾਂ ਅਜ ਸ੍ਰੀ ਰਾਹੂਲ ਭਨੋਟ, ਵਕੀਲ. ਹਾਜ਼ਰ ਹੋਇਆ। ਉਸ ਵਲੋਂ ਦਸਿਆ ਗਿਆ ਕਿ ਉਨ੍ਹਾਂ ਨੂੰ ਪਤਾ ਲਗਾ ਸੀ ਕਿ ਸ਼ਿਕਾਇਤਕਰਤਾ ਵਲੋਂ ਅਗਲੀ ਮਿਤੀ ਲਈ ਜਾ ਰਹੀ। ਜਦੋਂ ਕਿ ਸ਼ਿਕਾਇਤਕਰਤਾ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਕੋਈ ਸੂਚਨਾ ਪ੍ਰਾਪਤ ਹੋਈ ਹੈ। ਇਸ ਲਈ ਹਾਜਰ ਉਤਰਦਾਤਾ ਦੇ ਵਕੀਲ ਵਲੋਂ ਅਗਲੀ ਮਿਤੀ ਦੀ ਮੰਗ ਕੀਤੀ ਗਈ ।ਇਸ ਲਈ ਇਹ ਕੇਸ **ਅਗਲੀ ਸੁਣਵਾਈ ਲਈ ਮਿਤੀ 14-11-2019 ਨੂੰ ਸਵੇਰੇ 11:30 ਵਜੇ ਲਈ** ਨਿਸਚਿਤ ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
ਮਿਤੀ: ਚੰਡੀਗੜ੍ਹ, 23 ਅਕਤੂਬਰ , 2019. ਰਾਜ ਸੂਚਨਾ ਕਮਿਸ਼ਨਰ, ਪੰਜਾਬ।

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਬਹਾਦਰ ਸਿੰਘ, (94634-40645)
ਪੁੱਤਰ ਲੇਟ ਸ਼੍ਰੀ ਗੱਜਣ ਸਿੰਘ,
ਮਕਾਨ ਨੰ:128, ਸੈਣੀ ਮੁਹੱਲਾ ,
ਪਿੰਡ ਤੇ ਡਾਕਖਾਨਾ ਬਲੌਂਗੀ,
ਜ਼ਿਲ੍ਹਾ ਮੁਹਾਲੀ। -------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਬਲਾਕ ਤੇ ਵਿਕਾਸ ਪੰਚਾਇਤ ਅਫਸਰ, ਖਰੜ,
ਜ਼ਿਲ੍ਹਾ ਮੁਹਾਲੀ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਬਲਾਕ ਤੇ ਵਿਕਾਸ ਪੰਚਾਇਤ ਅਫਸਰ, ਖਰੜ,
ਜ਼ਿਲ੍ਹਾ ਮੁਹਾਲੀ। -------ਉੱਤਰਦਾਤਾ

**ਅਪੀਲ ਕੇਸ ਨੰ:2233/2019**

**ਹਾਜ਼ਰ:-** 1 ਅਪੀਲਕਰਤਾ ਵਲੋ ਕੋਈ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਗੁਰਮਿੰਦਰ ਸਿੰਘ, ਸੁਪਰਡੰਟ (97814-00599)।

**ਹੁਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 28-03-2019, ਲੋਕ ਸੂਚਨਾ ਅਧਿਕਾਰੀ ਦਫਤਰ ਬਲਾਕ ਤੇ ਵਿਕਾਸ ਪੰਚਾਇਤ ਅਫਸਰ, ਖਰੜ, ਜ਼ਿਲ੍ਹਾ ਮੁਹਾਲੀ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਜੁਲਾਈ, 2018 ਵਿੱਚ ਪੰਚਾਇਤਾਂ ਭੰਗ ਹੋਣ ਤੋਂ ਬਾਅਦ ਬਲੌਂਗੀ ਕਲੋਨੀ ਦਾ ਚਾਰਜ ਸੰਭਾਲਣ ਵਾਲੇ ਪ੍ਰਬੰਧਕ ਵੱਲੋਂ ਕੀਤੇ ਗਏ ਕੰਮਾਂ ਆਦਿ ਨਾਲ ਸਬੰਧਤ 04 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 01-05-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 24-06-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 14-08-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 03-09-2019 ਨੂੰ ਅਤੇ ਮੁੜ ਮਿਤੀ 25-09-2019 ਲਈ ਨਿਸਚਿਤ ਕੀਤਾ ਗਿਆ ਸੀ। ਪਿਛਲੀ ਪੇਸ਼ੀ ਸਮੇਂ ਹਾਜ਼ਰ ਅਪੀਲਕਰਤਾ ਨੇ ਕਿਹਾ ਕਿ ਉਸ ਨੂੰ ਅਜੇ ਤੱਕ ਸੂਚਨਾ ਪ੍ਰਾਪਤ ਨਹੀਂ ਹੋਈ। ਇਸ ਲਈ ਉਸ ਵੱਲੋਂ ਸੂਚਨਾ ਮੁਹੱਈਆ ਕਰਵਾਉਣ ਦੀ ਮੰਗ ਕੀਤੀ ਗਈ ਹੈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ, ਸ਼੍ਰੀ ਗੁਰਮਿੰਦਰ ਸਿੰਘ, ਸੁਪਰਡੰਟ ਨੇ ਅਪੀਲਕਰਤਾ ਨੂੰ ਸੂਚਨਾ ਜਲਦੀ ਮੁਹੱਈਆ ਕਰਾਉਣ ਦਾ ਭਰੋਸਾ ਦਿੰਦੇ ਹੋਏ ਕੁੱਝ ਸਮੇਂ ਦੀ ਮੰਗ ਕੀਤੀ ਗਈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਹਦਾਇਤ ਕੀਤੀ ਗਈ ਸੀ ਕਿ ਅਪੀਲਕਰਤਾ ਦੀ ਆਰ.ਟੀ.ਆਈ. ਅਰਜ਼ੀ ਮੁਤਾਬਿਕ, ਆਰ.ਟੀ.ਆਈ. ਐਕਟ, 2005 ਤਹਿਤ ਬਣਦੀ ਸੂਚਨਾ, ਅਪੀਲਕਰਤਾ ਨੂੰ ਅਗਲੀ ਪੇਸ਼ੀ ਤੋਂ ਪਹਿਲਾਂ-ਪਹਿਲਾਂ ਰਜਿਸਟਰਡ ਡਾਕ ਰਾਹੀਂ ਭੇਜਦੇ ਹੋਏ ਕਮਿਸ਼ਨ ਨੂੰ ਵੀ ਸੂਚਿਤ ਕੀਤਾ ਜਾਵੇ। ਅਪੀਲਕਰਤਾ ਨੂੰ ਹਦਾਇਤ ਕੀਤੀ ਗਈ ਸੀ ਕਿ ਜੇਕਰ ਉਸ ਨੂੰ ਸੂਚਨਾ ਪ੍ਰਾਪਤ ਹੋਣ ਤੇ ਸੂਚਨਾ ਵਿੱਚ ਕੋਈ ਤਰੁੱਟੀਆਂ ਪਾਈਆਂ ਜਾਣ ਤਾਂ ਉਨ੍ਹਾਂ ਬਾਰੇ ਲਿਖਤੀ ਰੂਪ ਵਿੱਚ ਸਿੱਧੇ ਤੌਰ ਤੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਸੂਚਿਤ ਕੀਤਾ ਜਾਵੇ ਤਾਂ ਜੋ ਉਨ੍ਹਾਂ ਦੀ ਪੂਰਤੀ ਹੋ ਸਕੇ। ਇਸ ਲਈ ਇਹ ਕੇਸ ਅਗਲੀ ਸੁਣਵਾਈ ਲਈ ਮਿਤੀ 23-10-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅੱਜ ਪੇਸ਼ੀ ਤੇ ਅਪੀਲਕਰਤਾ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕੋਈ ਸੂਚਨਾ ਹੀ ਪ੍ਰਾਪਤ ਹੋਈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਗੁਰਮਿੰਦਰ ਸਿੰਘ, ਸੁਪਰਡੰਟ ਹਾਜ਼ਰ ਹੋਇਆ ਉਸ ਵਲੋਂ ਦਸਿਆ

ਪਰਤੋ ਜੀ----ਚਲਦਾ ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ:2233/2019**

ਗਿਆ ਕਿ ਅਪੀਲਕਰਤਾ ਨੂੰ ਰਜਿਸਟਰਡ ਪੱਤਰ ਨੰ: 129-130 ਮਿਤੀ 09-10-2019 ਰਾਹੀਂ ਸੂਚਨਾ ਭੇਜ ਦਿੱਤੀ ਗਈ ਹੈ ਜੋ ਅਪੀਲਕਰਤਾ ਨੂੰ ਸੰਬੋਧਤ ਹੈ ਅਤੇ ਕਾਪੀ ਕਮਿਸ਼ਨ ਨੂੰ ਕੀਤੀ ਗਈ ਹੈ। ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ। ਉਸ ਵਲੋਂ ਇਹ ਵੀ ਦਸਿਆ ਗਿਆ ਇਸ ਸਬੰਧ ਵਿਚ ਅਪੀਲਕਰਤਾ ਨੂੰ ਟੈਲੀਫੋਨ ਤੇ ਵੀ ਕੰਨਫਰਮ ਕੀਤਾ ਗਿਆ, ਅਪੀਲਕਰਤਾ ਵਲੋਂ ਉਨ੍ਹਾਂ ਨੂੰ ਸੂਚਿਤ ਕੀਤਾ ਕਿ ਸੂਚਨਾ ਪ੍ਰਾਪਤ ਹੋ ਗਈ ਹੈ।

3. ਅੱਜ ਅਪੀਲਕਰਤਾ ਪੇਸ਼ੀ ਤੇ ਹਾਜ਼ਰ ਨਹੀਂ ਹੋਇਆ। ਉੱਤਰਦਾਤਾ ਵਲੋਂ ਆਪਣਾ ਉਕਤ ਪੱਤਰ ਪੇਸ਼ ਕਰਦੇ ਹੋਏ ਦਸਿਆ ਗਿਆ ਕਿ ਅਪੀਲਕਰਤਾ ਨੂੰ ਰਜਿਸਟਰਡ ਪੱਤਰ ਰਾਹੀਂ ਸੂਚਨਾ ਭੇਜ ਦਿੱਤੀ ਗਈ ਹੈ ਅਤੇ ਉਸ ਵਲੋਂ ਟੈਲੀਫੋਨ ਤੇ ਵੀ ਕੰਨਫਰਮ ਕੀਤਾ ਗਿਆ ਹੈ ਕਿ ਉਸਨੂੰ ਸੂਚਨਾ ਪ੍ਰਾਪਤ ਹੋ ਗਈ ਹੈ। ਇਸ ਲਈ ਇਸ ਕੇਸ ਵਿਚ ਹੋਰ ਕਿਸੇ ਕਾਰਵਾਈ ਦੀ ਲੋੜ ਨਹੀਂ। ਇਸ ਲਈ ਇਹ **ਅਪੀਲ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**

**ਮਿਤੀ: ਚੰਡੀਗੜ੍ਹ,23 ਅਕਤੂਬਰ , 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਜਸਬੀਰ ਸਿੰਘ, (98882-96107)
ਪਿੰਡ ਭੋਲਾਪੁਰ ਝੱਬੇਵਾਲ,ਡਾਕਖਾਨਾ ਰਾਮਗੜ੍ਹ,
ਜ਼ਿਲ੍ਹਾ ਲਧਿਆਣਾ। ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਉਪ ਮੰਡਲ ਮੈਜਿਸਟਰੇਟ, ਬਾਬਾ ਬਕਾਲਾ ਸਾਹਿਬ,ਜ਼ਿਲ੍ਹਾ ਅੰਮ੍ਰਿਤਸਰ।

ਪਹਿਲੀ ਅਪੀਲੀ ਅਥਾਰਟੀ-ਕਮ-
ਉਪ ਮੰਡਲ ਮੈਜਿਸਟਰੇਟ, ਬਾਬਾ ਬਕਾਲਾ ਸਾਹਿਬ,ਜ਼ਿਲ੍ਹਾ ਅੰਮ੍ਰਿਤਸਰ -----ਉੱਤਰਦਾਤਾ

**ਅਪੀਲ ਕੇਸ ਨੰ:1218/2019**

**ਹਾਜ਼ਰ:-**

1) ਅਪੀਲਕਰਤਾ ਵਲੋਂ ਕੋਈ ਨਹੀਂ।
2) ਉੱਤਰਦਾਤਾ ਵੱਲੋਂ ਕੋਈ ਨਹੀਂ।

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 19-12-2018, ਲੋਕ ਸੂਚਨਾ ਅਧਿਕਾਰੀ ਦਫਤਰ ਉਪ ਮੰਡਲ ਮੈਜਿਸਟਰੇਟ, ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਆਰ.ਟੀ.ਆਈ. ਐਕਟ ਦੀ ਧਾਰਾ 4 ਅਤੇ ਧਾਰਾ 4 ਦੀਆਂ ਉਪ ਧਾਰਾਵਾਂ (ਏ,ਬੀ,ਸੀ ਅਤੇ ਡੀ) ਦੀ ਪਾਲਣਾ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 21-01-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 02-04-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 24-05-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 01-07-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਪਿਛਲੀ ਮਿਤੀ 25-09-2019 ਨੂੰ ਅਪੀਲਕਰਤਾ ਹਾਜ਼ਰ ਨਹੀਂ ਹੋਇਆ ਪਰੰਤੂ ਉਸ ਵੱਲੋ ਹਾਜ਼ਰ ਨਾ ਹੋਣ ਬਾਰੇ ਆਪਣੇ ਪੱਤਰ, ਮਿਤੀ 19-09-2019 ਰਾਹੀਂ ਕਮਿਸ਼ਨ ਨੂੰ ਸੂਚਿਤ ਕਰਦੇ ਹੋਏ ਇਹ ਵੀ ਦੱਸਿਆ ਗਿਆ ਹੈ ਕਿ ਉਸ ਨੂੰ ਅਜੇ ਤੱਕ ਸੂਚਨਾ ਪ੍ਰਾਪਤ ਨਹੀਂ ਹੋਈ। ਇਸ ਲਈ ਇਹ ਕੇਸ ਅਗਲੀ ਸੁਣਵਾਈ ਲਈ ਮਿਤੀ 23-10-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅੱਜ ਪੇਸ਼ੀ ਤੇ ਅਪੀਲਕਰਤਾ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਉਸ ਵਲੋਂ ਨਾ ਹਾਜ਼ਰ ਹੋਣ ਬਾਰੇ ਕੋਈ ਸੂਚਨਾ ਹੀ ਪ੍ਰਾਪਤ ਹੋਈ ਹੈ।

3. ਉੱਤਰਦਾਤਾ ਵਲੋਂ ਫੋਨ ਤੇ ਦਸਿਆ ਗਿਆ ਕਿ ਉਨ੍ਹਾਂ ਵਲੋਂ ਭੇਜੀ ਗਈ ਸੂਚਨਾ ਬਾਰੇ ਅਪੀਲਕਰਤਾ ਵਲੋਂ ਕੋਈ ਤਰੁੱਟੀਆਂ ਨੋਟ ਨਹੀਂ ਕਰਵਾਈਆਂ ਗਈਆਂ ਅਤੇ ਪੇਸ਼ੀ ਤੋਂ ਛੋਟ ਮੰਗੀ ।

4. ਇਹ ਕੇਸ ਅੱਜ ਮਿਤੀ 23-10-2019 ਨੂੰ ਪ੍ਰਾਪਤ ਹੋਈ ਸੂਚਨਾ ਵਿੱਚ ਕੋਈ ਤਰੁੱਟੀਆਂ ਪਾਈਆਂ ਜਾਣ ਤਾਂ ਉਨ੍ਹਾਂ ਬਾਰੇ ਲਿਖਤੀ ਰੂਪ ਵਿੱਚ ਸਿੱਧੇ ਤੌਰ ਤੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਸੂਚਿਤ ਕਰਨ ਅਤੇ ਪਾਈਆਂ ਗਈਆਂ ਤਰੁੱਟੀਆਂ ਨੂੰ ਦੂਰ ਕਰਨ ਲਈ ਨਿਸਚਿਤ ਕੀਤਾ ਗਿਆ ਸੀ। ਇਸ ਸਬੰਧ ਵਿਚ ਉੱਤਰਦਾਤਾ ਅਤੇ ਕਮਿਸ਼ਨ ਪਾਸ ਅਪੀਲਕਰਤਾ ਵਲੋਂ ਕੋਈ ਤਰੁੱਟੀਆਂ ਨੋਟ ਨਹੀਂ ਕਰਵਾਈਆਂ ਗਈਆਂ । ਇਸ ਤਰ੍ਹਾਂ ਇਸ ਕੇਸ ਵਿਚ ਕਿਸੇ ਹੋਰ ਕਾਰਵਾਈ ਦੀ ਲੋੜ ਨਹੀਂ। ਇਸ ਲਈ **ਇਹ ਅਪੀਲ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
**ਮਿਤੀ: ਚੰਡੀਗੜ੍ਹ,23 ਅਕਤੂਬਰ , 2019.** ਰਾਜ ਸੂਚਨਾ ਕਮਿਸ਼ਨਰ, ਪੰਜਾਬ।

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਬਲਵੀਰ ਸਿੰਘ ਸਿੱਧੂ,
ਪੁੱਤਰ ਲੇਟ ਸ਼੍ਰੀ ਚੂਹੜ ਸਿੰਘ ਸਿੱਧੂ,
ਚੈਂਬਰ ਨੰ:1018 ਕੋਰਟ, ਕੰਪਲੈਕਸ,
ਲੁਧਿਆਣਾ-141001. ------ਸ਼ਿਕਾਇਤਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਰਜਿਸਟਰਿੰਗ ਅਥਾਰਟੀ,
ਉਪ ਮੰਡਲ ਮੈਜਿਸਟਰੇਟ (ਪੂਰਬੀ), ਲੁਧਿਆਣਾ। --------ਉੱਤਰਦਾਤਾ

**ਸ਼ਿਕਾਇਤ ਕੇਸ ਨੰ 427/2019**

**ਹਾਜ਼ਰ:-**

1) ਸ਼ਿਕਾਇਤਕਰਤਾ ਵਲੋਂ ਕੋਈ ਨਹੀਂ ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਕੋਈ ਨਹੀਂ ।

**ਹੁਕਮ:**

ਸ਼ਿਕਾਇਤਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇੱਕ ਬਿਨੈ ਪੱਤਰ, ਮਿਤੀ 20-02-2019 ਲੋਕ ਸੂਚਨਾ ਅਧਿਕਾਰੀ ਦਫਤਰ ਰਜਿਸਟਰਿੰਗ ਅਥਾਰਟੀ, ਉਪ ਮੰਡਲ ਮੈਜਿਸਟਰੇਟ (ਪੂਰਬੀ), ਲੁਧਿਆਣਾ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਰਜਿਸਟਰਿੰਗ ਅਥਾਰਟੀ, ਉਪ ਮੰਡਲ ਮੈਜਿਸਟਰੇਟ (ਪੂਰਬੀ), ਲੁਧਿਆਣਾ ਦੇ ਘੇਰ ਅੰਦਰ ਆਉਂਦੀਆਂ ਮੋਟਰਕਾਰ/ਟੂਵੀਲ੍ਹਰ/ਫਰਮਾਂ/ਏਜੰਸੀਆਂ ਨਾਲ ਸਬੰਧਤ 06 ਨੁਕਤਿਆਂ ਬਾਰੇ ਸੂਚਨਾ ਮੰਗੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਮਿਤੀ 07-05-2019 ਨੂੰ ਸ਼ਿਕਾਇਤਕਰਤਾ ਨੇ ਕਮਿਸ਼ਨ ਕੋਲ ਸ਼ਿਕਾਇਤ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਕਮਿਸ਼ਨ ਵੱਲੋਂ ਮਿਤੀ 26-06-2019 ਨੂੰ ਨੋਟਿਸ ਜਾਰੀ ਕਰ ਕੇ ਇਹ ਕੇਸ ਪਹਿਲੀ ਸੁਣਵਾਈ, ਮਿਤੀ 31-07-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ। ਪਿਛਲੀ ਪੇਸ਼ੀ ਮਿਤੀ 25-09-2019 ਨੂੰ ਸ਼ਿਕਾਇਤਕਰਤਾ ਨੇ ਕਿਹਾ ਕਿ ਉਸਨੂੰ ਅਜੇ ਤੱਕ ਮੁਕੰਮਲ ਸੂਚਨਾ ਪ੍ਰਾਪਤ ਨਹੀਂ ਹੋਈ। ਉਤਰਦਾਤਾ ਵਲੋਂ ਹਾਜ਼ਰ ਸ਼੍ਰੀਮਤੀ ਪਰਮਜੀਤ ਕੋਰ, ਰੀਡਰ ਨੇ ਪੱਤਰ ਨੰ: 129/ਆਰ.ਟੀ.ਆਈ ਮਿਤੀ 23.09.2019 ਜਿਸਦਾ ਇਕ ਉਤਾਰਾ ਸ਼ਿਕਾਇਤਕਰਤਾ ਨੂੰ ਭੇਜਿਆ ਹੋਇਆ ਹੈ ਦੀ ਕਾਪੀ ਪੇਸ਼ ਕਰਦੇ ਹੋਏ ਕਿਹਾ ਕਿ ਸ਼ਿਕਾਇਤਕਰਤਾ ਨੂੰ ਪਹਿਲਾਂ ਹੀ 2 ਵਾਰ ਸੂਚਨਾ ਭੇਜੀ ਜਾ ਚੁੱਕੀ ਹੈ। ਹਾਜ਼ਰ ਉਤਰਦਾਤਾ ਵਲੋਂ ਸੂਚਨਾ ਦੀ ਇਕ ਕਾਪੀ ਪੇਸ਼ੀ ਦੋਰਾਨ ਸ਼ਿਕਾਇਤਕਰਤਾ ਨੂੰ ਦਸਤੀ ਦੇ ਦਿੱਤੀ ਗਈ। ਹਾਜ਼ਰ ਉਤਰਦਾਤਾ ਵਲੋਂ ਪੇਸ਼ ਕੀਤੀ ਗਈ ਕਾਪੀ ਮਿਸਲ ਤੇ ਰੱਖ ਲਈ ਗਈ ਹੈ।ਹਾਜ਼ਰ ਉਤਰਦਾਤਾ ਵਲੋਂ ਪੇਸ਼ ਕੀਤੀ ਗਈ ਸੂਚਨਾ ਨੂੰ ਵਾਚਣ ਤੇ ਸੂਚਨਾ ਦੇ ਨੁਕਤਾ ਨੰ: 1 ਨੂੰ ਛੱਡ ਕੇ ਬਾਕੀ ਦੀ ਸੂਚਨਾ ਕਮਿਸ਼ਨ ਵਲੋਂ ਤਸਲੀਬਖਸ਼ ਪਾਈ ਗਈ ਹੈ। ਇਸ ਲਈ ਉਤਰਦਾਤਾ ਨੂੰ ਹਦਾਇਤ ਕੀਤੀ ਗਈ ਸੀ ਕਿ ਸ਼ਿਕਾਇਤਕਰਤਾ ਦੀ ਆਰ.ਟੀ.ਆਈ. ਅਰਜੀ ਦੇ ਨੁਕਤਾ ਨੰ: 1 ( ਲਿਸਟਾਂ ) ਬਾਰੇ ਸੂਚਨਾ ਸ਼ਿਕਾਇਤਕਰਤਾ ਨੂੰ ਪੇਸ਼ੀ ਦੀ ਅਗਲੀ ਮਿਤੀ ਤੋਂ ਪਹਿਲਾਂ- ਪਹਿਲਾਂ ਮੁਹੱਈਆ ਕਰਵਾ ਕੇ ਕਮਿਸ਼ਨ ਨੂੰ ਵੀ ਸੂਚਿਤ ਕੀਤਾ ਜਾਵੇ। ਇਸ ਹਦਾਇਤ ਨਾਲ ਇਹ ਕੇਸ ਅਗਲੀ ਪੇਸ਼ੀ ਮਿਤੀ 23.10.2019 ਨੂੰ 11.30 ਵਜੇ ਨਿਸਚਿਤ ਕੀਤਾ ਗਿਆ ਸੀ।

2. ਅੱਜ ਪੇਸ਼ੀ ਤੇ ਸ਼ਿਕਾਇਤਕਰਤਾ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਉਸ ਵਲੋਂ ਨਾ ਹਾਜ਼ਰ ਹੋਣ ਬਾਰੇ ਕੋਈ ਸੂਚਨਾ ਹੀ ਪ੍ਰਾਪਤ ਹੋਈ ਹੈ।

3. ਉੱਤਰਦਾਤਾ ਵਲੋਂ ਵੀ ਕੋਈ ਹਾਜ਼ਰ ਨਹੀਂ ਹੋਇਆ, ਪਰੰਤੂ ਉਨ੍ਹਾਂ ਵਲੋਂ ਆਪਣੇ ਪੱਰ ਨੰ: 155/ਆਰ.ਟੀ.ਆਈ ਮਿਤੀ 23-10-2019 ਜ਼ੋ ਕਮਿਸ਼ਨ ਨੂੰ ਸੰਬੋਧਤ ਹੈ ਅਤੇ ਸ਼ਿਕਾਇਤਕਰਤਾ ਨੂੰ ਉਤਾਰਾ ਕੀਤਾ ਗਿਆ ਹੈ। ਮਿਸਲ ਤੇ ਰੱਖ ਲਿਆ ਗਿਆ ਹੈ। ਇਸ ਪੱਤਰ ਰਾਹੀਂ ਉੱਤਰਦਾਤਾ ਵਲੋਂ ਦਸਿਆ ਗਿਆ ਹੈ ਕਿ ਪ੍ਰਾਰਥੀ ਨੂੰ ਮੰਗੀ ਗਈ ਸੂਚਨਾ ਪੈਰਾ ਨੰਬਰ 1 ਵਾਹਨ 4 ਅਧੀਨ ਆਉਂਦੀਆਂ ਏਜੰਸੀਆਂ ਦੀ ਲਿਸਟ ਪੱਤਰ ਨੰ: 139/ਆਰ.ਟੀ.ਆਈ. ਮਿਤੀ 11-10-2019 ਰਾਹੀਂ ਭੇਜੀ ਜਾ ਚੁੱਕੀ ਹੈ। ਇਸ ਸਬੰਧ ਵਿਚ ਪਹੁੰਚ ਰਸੀਦ ਦੀ ਕਾਪੀ ਵੀ ਭੇਜੀ ਗਈ ਹੈ।

4. ਇਸ ਕੇਸ ਵਿਚ ਸ਼ਿਕਾਇਤਰਤਾ ਵਲੋਂ ਮੰਗੀ ਗਈ ਸੂਚਨਾ ਉਕਤ ਅਨੁਸਾਰ ਉੱਤਰਦਾਤਾ ਵਲੋਂ ਭੇਜੀ ਜਾ ਚੁੱਕੀ ਹੈ ਅਤੇ ਪਹੁੰਚ ਰਸੀਦ ਵੀ ਭੇਜੀ ਗਈ ਹੈ। ਇਸ ਤਰ੍ਹਾਂ ਕਮਿਸ਼ਨ ਉੱਤਰਦਾਤਾ ਦੇ ਉੱਤਰ ਨਾਲ ਸੰਤੁਸ਼ਟ ਹੈ। ਇਸ ਲਈ ਇਸ ਸ਼ਿਕਾਇਤ ਕੇਸ ਵਿਚ ਕਿਸੇ ਹੋਰ ਕਾਰਵਾਈ ਦੀ ਲੋੜ ਨਹੀਂ। ਇਹ **ਸ਼ਿਕਾਇਤ ਕੇਸ ਬੰਦ ਕੀਤਾ ਜਾਂਦਾ** ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ,23 ਅਕਤੂਬਰ , 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਸੰਦੀਪ ਕੁਮਾਰ,
ਪੁੱਤਰ ਸ਼੍ਰੀ ਰਾਜ ਕੁਮਾਰ,
ਵਾਸੀ ਅਗਰਵਾਲ ਕਲੋਨੀ, ਵਾਰਡ ਨੰ:4 ਭਿੱਖੀ ,
ਤਹਿਸੀਲ ਤੇ ਜ਼ਿਲ੍ਹਾ ਮਾਨਸਾ। -------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਉਪ ਮੰਡਲ ਮੈਜਿਸਟਰੇਟ, ਮਾਨਸਾ।

ਪਹਿਲੀ ਅਪੀਲੀ ਅਥਾਰਟੀ ,
ਦਫਤਰ ਉਪ ਮੰਡਲ ਮੈਜਿਸਟਰੇਟ, ਮਾਨਸਾ। -------ਉੱਤਰਦਾਤਾ

**ਅਪੀਲ ਕੇਸ ਨੰ:1371 /2019**

**ਹਾਜ਼ਰ:-**

1) ਅਪੀਲਕਰਤਾ।
2) ਉੱਤਰਦਾਤਾ(ਲੋਕ ਸੂਚਨਾ ਅਧਿਕਾਰੀ) ਵਲੋਂ ਕੋਈ ਨਹੀਂ ।

**ਹੁੱਕਮ:**

ਪਿਛਲੀ ਪੇਸ਼ੀ ਮਿਤੀ 25-09-2019 ਨੂੰ ਉੱਤਰਦਾਤਾ ਵਲੋਂ ਕੋਈ ਵੀ ਹਾਜ਼ਰ ਨਹੀਂ ਸੀ ਹੋਇਆ ਅਤੇ ਨਾ ਹੀ ਅੱਜ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਹੀ ਭੇਜੀ ਗਈ ਸੀ। ਇਸ ਤੋਂ ਪਿਛਲੀ ਪੇਸ਼ੀ ਤੇ ਸ਼੍ਰੀ ਮੁਕੇਸ਼ ਕੁਮਾਰ, ਜੂਨੀਅਰ ਸਹਾਇਕ ਦੀ ਬੇਨਤੀ ਤੇ ਉਤਰਦਾਤਾ ਨੂੰ ਸੂਚਨਾ ਮੁੱਹਈਆ ਕਰਾਉਣ ਲਈ ਸਮਾਂ ਦਿੱਤਾ ਗਿਆ ਸੀ। ਇਸ ਲਈ ਸ਼੍ਰੀ ਮੁਕੇਸ਼ ਕੁਮਾਰ, ਜੂਨੀਅਰ ਸਹਾਇਕ ਦਾ ਪੇਸ਼ੀ ਤੇ ਹਾਜ਼ਰ ਹੋਣਾ ਬਣਦਾ ਸੀ ਪਰ ਉਹ ਮਿਤੀ 25-09-2019 ਨੂੰ ਹਾਜ਼ਰ ਨਹੀਂ ਹੋਇਆ। ਇਸ ਲਈ ਸ਼੍ਰੀ ਮੁਕੇਸ਼ ਕੁਮਾਰ, ਜੂਨੀਅਰ ਸਹਾਇਕ ਨੂੰ ਨਿੱਜੀ ਤੌਰ ਤੇ ਹਾਜ਼ਰ ਹੋ ਕੇ ਆਪਣਾ ਸਪਸ਼ਟੀਕਰਨ ਪੇਸ਼ ਕਰਨ ਦੀ ਸਖਤ ਹਦਾਇਤ ਕੀਤੀ ਗਈ ਸੀ। ਇਸ ਤੋਂ ਇਲਾਵਾ ਉਤਰਦਾਤਾ ( ਲੋਕ ਸੂਚਨਾ ਅਧਿਕਾਰੀ) ਨੂੰ ਵੀ ਹਦਾਇਤ ਕੀਤੀ ਗਈ ਸੀ ਕਿ ਅਪੀਲਕਰਤਾ ਦੀ ਆਰ.ਟੀ.ਆਈ. ਦੀ ਅਰਜੀ ਮੁਤਾਬਿਕ ਆਰ.ਟੀ.ਐਕਟ. 2005 ਤਹਿਤ ਬਣਦੀ ਸੂਚਨਾ 10 ਦਿਨਾਂ ਦੇ ਅੰਦਰ ਅੰਦਰ ਅਪੀਲਕਰਤਾ ਨੂੰ ਰਜਿਸਟਰਡ ਡਾਕ ਰਾਹੀਂ ਭੇਜਦੇ ਹੋਏ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ ਅਤੇ ਪੇਸ਼ੀ ਤੇ ਨਿੱਜੀ ਤੌਰ ਤੇ ਹਾਜ਼ਰ ਹੋਣਾ ਯਕੀਨੀ ਬਣਾਇਆ ਜਾਵੇ। ਇਸ ਹਦਾਇਤ ਨਾਲ ਇਹ ਕੇਸ ਅਗਲੀ ਪੇਸ਼ੀ ਮਿਤੀ 23.10.2019 ਨੂੰ 11.30 ਵਜੇ ਨਿਸਚਿਤ ਕੀਤਾ ਗਿਆ ਸੀ।

2. ਅੱਜ ਪੇਸ਼ੀ ਤੇ ਅਪੀਲਕਰਤਾ ਹਾਜ਼ਰ ਨਹੀਂ ਹੋਇਆ ਪਰੰਤੂ ਉਸ ਵਲੋਂ ਈ.ਮੇਲ ਰਾਹੀਂ ਸੂਚਿਤ ਕੀਤਾ ਗਿਆ ਕਿ ਉਸ ਨੂੰ ਅੱਜੇ ਤੱਕ ਵੀ ਸੂਚਨਾ ਪ੍ਰਾਪਤ ਨਹੀਂ ਹੋਈ। ਇਸ ਲਈ ਲੋਕ ਸੂਚਨਾ ਅਧਿਕਾਰੀ ਨੂੰ ਜੁਰਮਾਨਾ ਪਾਇਆ ਜਾਵੇ ਅਤੇ ਉਸ ਨੂੰ ਸੂਚਨਾ ਜਲਦੀ ਤੋਂ ਜਲਦੀ ਮੁਹੱਈਆ ਕਰਵਾਈ ਜਾਵੇ।

3. ਉੱਤਰਦਾਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਨਾ ਹਾਜ਼ਰ ਬਾਰੇ ਕੋਈ ਸੂਚਨਾ ਪ੍ਰਾਪਤ ਹੋਈ ਹੈ। ਪਿਛਲੀ ਮਿਤੀ 14-08-2019 ਨੂੰ ਸ਼੍ਰੀ ਮੁਕੇਸ਼ ਕੁਮਾਰ, ਜੂਨੀਅਰ ਸਹਾਇਕ ਦੀ ਬੇਨਤੀ ਅਨੁਸਾਰ ਉਤਰਦਾਤਾ ਨੂੰ ਸੂਚਨਾ ਮੁੱਹਈਆ ਕਰਾਉਣ ਲਈ ਸਮਾਂ ਦਿੱਤਾ ਗਿਆ ਸੀ ਪਰ ਉੱਤਰਦਾਤਾ ਵਲੋਂ ਨਾ ਤਾਂ ਸੂਚਨਾ ਹੀ ਮੁਹੱਈਆ ਕਰਵਾਈ ਗਈ ਅਤੇ ਨਾ ਹੀ ਅੱਜ ਉੱਤਰਦਾਤਾ ਵਲੋਂ ਕੋਈ ਹਾਜ਼ਰ ਹੋਇਆ ਜਦੋਂ ਕਿ ਸ਼੍ਰੀ ਮੁਕੇਸ਼ ਕੁਮਾਰ ਜੂਨੀਅਰ ਸਹਾਇਕ ਨੂੰ ਅੱਜ ਹਾਜ਼ਰ ਹੋਣਾ ਚਾਹੀਦਾ ਸੀ।

4. ਉੱਤਰਦਾਤਾ ਲੋਕ ਸੂਚਨਾ ਅਧਿਕਾਰੀ ਦੇ ਨੁਮਾਇੰਦੇ ਸ਼੍ਰੀ ਮੁਕੇਸ਼ ਕੁਮਾਰ, ਜੂਨੀਅਰ ਸਹਾਇਕ ਦੀ ਬੇਨਤੀ ਅਨੁਸਾਰ ਸੂਚਨਾ ਮੁੱਹਈਆ ਕਰਾਉਣ ਲਈ ਸਮਾਂ ਦਿੱਤਾ ਗਿਆ ਸੀ ਇਸ ਦੇ ਬਾਵਜੂਦ ਅਪੀਲਕਰਤਾ ਨੂੰ ਅੱਜੇ ਤੱਕ ਕੋਈ ਸੂਚਨਾ ਮੁਹੱਈਆ ਨਹੀ ਕਰਵਾਈ ਗਈ ਅਤੇ ਨਾ ਹੀ ਕੋਈ ਹਾਜ਼ਰ ਹੋਇਆ। ਇਸ ਲਈ **ਲੋਕ ਸੂਚਨਾ ਅਧਿਕਾਰੀ ਉਪ ਮੰਡਲ ਮੈਜਿਸਟਰੇਟ, ਮਾਨਸਾ ਨੂੰ ਹਦਾਇਤ ਕੀਤੀ ਜਾਂਦੀ ਹੈ ਅਗਲੀ ਮਿਤੀ ਤੋਂ ਪਹਿਲਾਂ ਪਹਿਲਾਂ ਅਪੀਲਕਰਤਾ ਨੂੰ ਰਜਿਸਟਰਡ ਡਾਕ ਰਾਹੀਂ ਬਣਦੀ ਸੂਚਨਾ ਭੇਜੀ ਜਾਵੇ** ਅਤੇ ਨਾਲ ਹੀ **ਅਗਲੀ ਨਿਸਚਿਤ ਪੇਸ਼ੀ ਦੀ ਮਿਤੀ ਤੇਂ ਨਿੱਜੀ ਪੱਧਰ ਤੇ ਪੇਸ਼ ਹੋ ਕੇ ਅਪੀਲਕਰਤਾ ਨੂੰ ਅੱਜੇ ਤੱਕ ਸੂਚਨਾ ਮੁਹੱਈਆਂ ਨਾ ਕਰਾਉਣ ਸਬਧੀ ਆਪਣਾ ਸਪਸ਼ੱਟੀਕਰਣ ਪੇਸ਼ ਕਰਨ** ਕਿ ਕਿਉਂਨਾ ਉਨ੍ਹਾਂ ਵਿਰੁੱਧ ਕਾਰਵਾਈ ਕੀਤੀ ਜਾਵੇ। ਇਸ ਦੇ ਨਾਲ ਹੀ ਸ਼੍ਰੀ ਮੁਕੇਸ਼ ਕੁਮਾਰ, ਜੂਨੀਅਰ ਸਹਾਇਕ ਨੂੰ ਅੱਜ ਪੇਸ਼ੀ ਤੇ ਹਾਜ਼ਰ ਹੋਣਾ ਚਾਹੀਦਾ ਸੀ ਉਹ ਹਾਜ਼ਰ ਨਹੀਂ ਹੋਇਆ, ਇਸ ਲਈ ਕਿਉਂਨਾ ਉਸਨੂੰ ਜੁਰਮਾਨਾ ਪਾਇਆ ਜਾਵੇ ਉਹ ਵੀ ਆਪਣਾ ਸਪਸ਼ੱਟੀਕਰਣ ਪੇਸ਼ ਕਰੇ। ਇਸ ਲਈ ਇਹ ਕੇਸ **ਅਗਲੀ ਸੁਣਵਾਈ ਲਈ ਮਿਤੀ 13-11-2019 ਨੂੰ ਸਵੇਰੇ 11:30 ਵਜੇ ਲਈ** ਨਿਸਚਿਤ ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)

**ਮਿਤੀ: ਚੰਡੀਗੜ੍ਹ, 23 ਅਕਤੂਬਰ , 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਜਨਮੇਜ ਸਿੰਘ (98156-19820)
ਪਿੰਡ ਤੇ ਡਾਕਖਾਨਾ ਬਖੋਰਾਂ ਕਲਾਂ, ਤਹਿਸੀਲ ਲਹਿਰਾ,
ਜ਼ਿਲ੍ਹਾ ਸੰਗਰੂਰ। --------- ਸ਼ਿਕਾਇਤਕਰਤਾ

**ਬਨਾਮ**

ਲੋਕ ਸੂਚਨਾ ਅਧਿਕਾਰੀ,
ਐਸ.ਐਚ.ਓ. ਲਹਿਰਾ, ਜ਼ਿਲ੍ਹਾ ਸੰਗਰੂਰ। ----------ਉਤਰਦਾਤਾ

**ਸ਼ਿਕਾਇਤ ਕੇਸ ਨੰ: 724/2019**

**ਹਾਜ਼ਰ:-**

1) ਸ਼ਿਕਾਇਤਕਰਤਾ ਹਾਜ਼ਰ ਹੋਇਆ।
2) ਉੱਤਰਦਾਤਾ ਵਲੋਂ ਕੋਈ ਨਹੀਂ।

**ਹੁੱਕਮ:**

ਪਿਛਲੀ ਸੁਣਵਾਈ, ਮਿਤੀ 01-10-2019 ਨੂੰ ਪੇਸ਼ੀ ਤੇ ਹਾਜ਼ਰ ਸ਼ਿਕਾਇਤਕਰਤਾ ਨੇ ਕਿਹਾ ਕਿ ਉਸ ਨੂੰ ਅਜੇ ਤੱਕ ਮੰਗੀ ਗਈ ਸੂਚਨਾ ਪ੍ਰਾਪਤ ਨਹੀਂ ਹੋਈ। ਇਸ ਲਈ ਉਸ ਨੇ ਸੂਚਨਾ ਮੁਹੱਈਆ ਕਰਾਉਣ ਲਈ ਬੇਨਤੀ ਕੀਤੀ ਸੀ। ਉੱਤਰਦਾਤਾ ਵੱਲੋਂ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਉਨ੍ਹਾਂ ਵਲੋਂ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਹੀ ਭੇਜੀ ਗਈ ਸੀ। ਇਸ ਲਈ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਹਦਾਇਤ ਕੀਤੀ ਗਈ ਸੀ ਕਿ ਹਾਜ਼ਰ ਨਾ ਹੋਣ ਬਾਰੇ ਅਤੇ ਸ਼ਿਕਾਇਤਕਰਤਾ ਨੂੰ ਅਜੇ ਤੱਕ ਸੂਚਨਾ ਮੁਹੱਈਆ ਨਾ ਕਰਾਉਣ ਸਬੰਧੀ ਆਪਣਾ ਸ੍ਪੱਸ਼ਟੀਕਰਨ ਲਿਖਤੀ ਰੂਪ ਵਿਚ ਕਮਿਸ਼ਨ ਨੂੰ ਪੇਸ਼ ਕਰੇ। ਇਸ ਤੋਂ ਇਲਾਵਾ ਇਹ ਵੀ ਹਦਾਇਤ ਕੀਤੀ ਗਈ ਸੀ ਕਿ ਸ਼ਿਕਾਇਤਕਰਤਾ ਦੀ ਆਰ.ਟੀ.ਆਈ. ਅਰਜ਼ੀ ਮੁਤਾਬਿਕ ਆਰ.ਟੀ.ਆਈ. ਐਕਟ, 2005 ਤਹਿਤ ਬਣਦੀ ਸੂਚਨਾ ਅਪੀਲਕਰਤਾ ਨੂੰ ਅਗਲੀ ਪੇਸ਼ੀ ਤੋਂ ਪਹਿਲਾਂ-ਪਹਿਲਾਂ ਰਜਿਸਟਰਡ ਡਾਕ ਰਾਹੀਂ ਮੁਹੱਈਆ ਕਰਵਾ ਕੇ ਪੇਸ਼ੀ ਤੇ ਹਾਜ਼ਰੀ ਵੀ ਯਕੀਨੀ ਬਣਾਈ ਜਾਵੇ। ਇਸ ਹਦਾਇਤ ਨਾਲ ਇਹ ਕੇਸ ਅਗਲੀ ਸੁਣਵਾਈ ਮਿਤੀ 23-10-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅੱਜ ਪੇਸ਼ੀ ਤੇ ਸ਼ਿਕਾਇਤਕਰਤਾ ਹਾਜ਼ਰ ਹੋਇਆ। ਉਸ ਵਲੋਂ ਦਸਿਆ ਗਿਆ ਕਿ ਉਸ ਨੂੰ ਅਜੇ ਤੱਕ ਵੀ ਕੋਈ ਸੂਚਨਾ ਮੁਹੱਈਆ ਨਹੀਂ ਕਰਵਾਈ ਗਈ।

3. ਪਿਛਲੀ ਮਿਤੀ ਤੇ ਉੱਤਰਦਾਤਾ ਵਲੋਂ ਕੋਈ ਹਾਜ਼ਰ ਨਹੀਂ ਸੀ ਹੋਇਆ । ਅੱਜ ਵੀ ਉੱਤਰਦਾਤਾ ਵਲੋਂ ਕੋਈ ਹਾਜ਼ਰ ਨਹੀ ਹੋਇਆ ਅਤੇ ਨਾ ਹੀ ਸ਼ਿਕਾਇਤਕਰਤਾ ਨੂੰ ਕੋਈ ਸੂਚਨਾ ਭੇਜੀ ਗਈ ਹੈ।

4. ਉੱਤਰਦਾਤਾ ਵਲੋਂ ਨਾ ਤਾ ਕੋਈ ਹਾਜ਼ਰ ਹੋਇਆ ਅਤੇ ਨਾ ਹੀ ਕੋਈ ਸੂਚਨਾ ਭੇਜੀ ਜਾ ਰਹੀ ਹੈ। ਇਸ ਲਈ ਉੱਤਰਦਾਤਾ ਲੋਕ ਸੂਚਨਾ ਅਧਿਕਾਰੀ ਐਸ.ਐਚ.ਓ.ਲਹਿਰਾ, ਜਿਲ੍ਹਾ ਸੰਗਰੂਰ ਨੂੰ ਤਾੜਨਾ ਕੀਤੀ ਜਾਂਦੀ ਹੈ ਕਿ ਅਗਲੀ ਪੇਸ਼ੀ ਦੀ ਮਿਤੀ ਤੋਂ ਪਹਿਲਾਂ ਪਹਿਲਾਂ ਸ਼ਿਕਾਇਤਕਰਤਾ ਨੂੰ ਬਣਦੀ ਸੂਚਨਾ ਭੇਜੀ ਜਾਵੇ ਅਤੇ ਪੇਸ਼ੀ ਦੀ ਅਗਲੀ ਮਿਤੀ ਤੇ ਲਿਖਤੀ ਰੂਪ ਵਿਚ ਆਪਣਾ ਸਪਸ਼ੱਟੀਕਰਣ ਦਿੱਤਾ ਜਾਵੇ ਕਿ ਸ਼ਿਕਾਇਤਕਰਤਾ ਨੂੰ ਅਜੇ ਤੱਕ ਸੂਚਨਾ ਕਿਉਂ ਨਹੀਂ ਭੇਜੀ ਗਈ। ਇਸ ਦੇ ਨਾਲ ਹੀ ਸੀਨੀਅਰ ਸੁਪਰਡੰਟ ਆਫ ਪੁਲਿਸ, ਸੰਗਰੂਰ ਨੂੰ ਲਿਖਿਆ ਜਾਂਦਾ ਹੈ ਕਿ ਐਸ.ਐਚ.ਓ. ਲਹਿਰਾ ਆਰ.ਟੀ.ਆਈ. ਐਕਟ 2005 ਦੀ ਪਾਲਣਾ ਨਹੀਂ ਕਰ ਰਿਹਾ ਇਸ ਲਈ ਉਸ ਵਿਰੁੱਧ ਲੋੜੀਦੀ ਕਾਰਵਾਈ ਕੀਤੀ ਜਾਵੇ ਅਤੇ ਉਸਨੂੰ ਹਦਾਇਤ ਕੀਤੀ ਜਾਵੇ ਕਿਅਗਲੀ ਪੇਸ਼ੀ ਦੀ ਮਿਤੀ ਤੋਂ ਪਹਿਲਾਂ ਪਹਿਲਾਂ ਸ਼ਿਕਾਇਤਕਰਤਾ ਨੂੰ ਆਰ.ਟੀ.ਆਈ.ਐਕਟ ਤਹਿਤ ਬਣਦੀ ਸੂਚਨਾ ਭੇਜੀ ਜਾਵੇ। ਇਸ ਹਦਾਇਤ ਨਾਲ ਇਹ ਕੇਸ **ਅਗਲੀ ਸੁਣਵਾਈ ਲਈ ਮਿਤੀ 13-11-2019 ਨੂੰ ਸਵੇਰੇ 11:30 ਵਜੇ ਲਈ** ਨਿਸਚਿਤ ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਮਿਤੀ: ਚੰਡੀਗੜ੍ਹ,23 ਅਕਤੂਬਰ-2019**

**ਕਾਪੀ:**

ਐਸ.ਐਸ.ਪੀ., ਸੰਗਰੂਰ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਰਮੇਸ਼ ਕੁਮਾਰ, (98781-09228)
ਮਕਾਨ ਨੰ: 231, ਵੀਰ ਕਲੋਨੀ,ਬਠਿੰਡਾ- ------ਸ਼ਿਕਾਇਤਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਸਕੱਤਰ, ਪੰਜਾਬ ਸਰਕਾਰ,
ਪ੍ਰਸੋਨਲ ਵਿਭਾਗ, ਚੰਡੀਗੜ੍ਹ। ------ਉੱਤਰਦਾਤਾ

**ਸ਼ਿਕਾਇਤ ਕੇਸ ਨੰ:326/2019**

**ਹਾਜ਼ਰ:-** 1) ਸ਼ਿਕਾਇਤਕਰਤਾ ਵੱਲੋਂ ਕੋਈ ਵੀ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਵੀ ਕੋਈ ਨਹੀਂ।

**ਹੁਕਮ:**

ਸ਼ਿਕਾਇਤਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇੱਕ ਬਿਨੈ ਪੱਤਰ, ਮਿਤੀ 18-06-2018 ਨੂੰ ਲੋਕ ਸੂਚਨਾ ਅਧਿਕਾਰੀ ਦਫਤਰ ਸਕੱਤਰ, ਪੰਜਾਬ ਸਰਕਾਰ, ਸ਼ਿਕਾਇਤ ਨਿਵਾਰਣ ਵਿਭਾਗ, ਚੰਡੀਗੜ੍ਹ ਨੂੰ ਪੇਸ਼ ਕੀਤਾ ਗਿਆ ਸੀ ਜਿਸ ਰਾਹੀਂ ਉਸ ਨੇ ਮਾਣਯੋਗ ਪ੍ਰਧਾਨ ਮੰਤਰੀ ਜੀ ਨੂੰ ਚੇਅਰਮੈਨ, ਪੰਜਾਬ ਲੋਕ ਸੇਵਾ ਕਮਿਸ਼ਨ ਵਿਰੁੱਧ ਕੀਤੀ ਗਈ ਸ਼ਿਕਾਇਤ (ਰਜਿਸਟਰੇਸ਼ਨ ਨੰ:ਪੀ.ਐਮ.ਓ.ਪੀ.ਜੀ./ਡੀ/2018/0115788, ਮਿਤੀ 26-03-2018) ਬਾਰੇ ਸੂਚਨਾ ਮੰਗੀ ਸੀ। ਸ਼ਿਕਾਇਤਕਰਤਾ ਵੱਲੋਂ ਮੰਗੀ ਗਈ ਸੂਚਨਾ ਦਾ ਸਬੰਧ ਪ੍ਰਸੋਨਲ ਵਿਭਾਗ ਨਾਲ ਹੋਣ ਕਾਰਨ ਲੋਕ ਸੂਚਨਾ ਅਧਿਕਾਰੀ ਦਫਤਰ ਸਕੱਤਰ, ਪੰਜਾਬ ਸਰਕਾਰ, ਸ਼ਿਕਾਇਤ ਨਿਵਾਰਣ ਵਿਭਾਗ, ਵੱਲੋਂ ਆਪਣੇ ਪੱਤਰ ਨੰ:8/6/2018-5ਸਿਨਿ/432, ਮਿਤੀ 26-06-2018 ਰਾਹੀਂ ਸ਼ਿਕਾਇਤਕਰਤਾ ਦਾ ਬਿਨੈ-ਪੱਤਰ ਸੂਚਨਾ ਦਾ ਅਧਿਕਾਰ ਐਕਟ, 2005 ਦੀ ਧਾਰਾ 6(3) ਤਹਿਤ ਸਕੱਤਰ, ਪੰਜਾਬ ਸਰਕਾਰ, ਪ੍ਰਸੋਨਲ ਵਿਭਾਗ, ਚੰਡੀਗੜ੍ਹ ਨੂੰ ਤਬਦੀਲ ਕਰ ਦਿੱਤਾ ਗਿਆ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਮਿਤੀ 29-03-2019 ਨੂੰ ਸ਼ਿਕਾਇਤਕਰਤਾ ਨੇ ਕਮਿਸ਼ਨ ਕੋਲ ਸ਼ਿਕਾਇਤ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਕਮਿਸ਼ਨ ਵੱਲੋਂ ਮਿਤੀ 24-05-2019 ਨੂੰ ਨੋਟਿਸ ਜਾਰੀ ਕਰ ਕੇ ਇਹ ਕੇਸ ਪਹਿਲੀ ਸੁਣਵਾਈ, ਮਿਤੀ 01-07-2019 ਲਈ ਨਿਸਚਿਤ ਕੀਤਾ ਗਿਆ ਸੀ। ਇਸ ਉਪਰੰਤ ਪਿਛੋਲੀ ਮਿਤੀ 10 ਸਤੰਬਰ, 2019 ਨੂੰ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਗੁਰਮੀਤ ਸਿੰਘ, ਸੀਨੀਅਰ ਸਹਾਇਕ, ਦਫਤਰ ਪ੍ਰਸੋਨਲ ਵਿਭਾਗ,ਪੰਜਾਬ (ਪੀ.ਸੀ.ਐਸ.ਸ਼ਾਖਾ) ਹਾਜ਼ਰ ਹੋਇਆ। ਉਤਰਦਾਤਾ ਵਲੋਂ ਪੱਤਰ ਮਿਤੀ 18-09-2019 ਸਹਿ ਪੱਤਰਾਂ ਸਹਿਤ ਪੇਸ਼ ਕੀਤਾ ਗਿਆ ਜੋ ਕਿ ਸ਼ਿਕਾਇਤਕਰਤਾ ਨੂੰ ਸੰਬੋਧਤ ਹੈ ਅਤੇ ਇਕ ਉਤਾਰਾ ਕਮਿਸ਼ਨ ਨੂੰ ਕੀਤਾ ਗਿਆ ਹੈ। ਇਸ ਪੱਤਰ ਰਾਹੀਂ ਸ਼ਿਕਾਇਤਕਰਤਾ ਨੂੰ ਸੂਚਿਤ ਕੀਤਾ ਗਿਆ ਕਿ ਉਸਦੀ ਪ੍ਰਧਾਨ ਮੰਤਰੀ ਦਫਤਰ ਰਾਹੀਂ ਪ੍ਰਾਪਤ ਸ਼ਿਕਾਇਤ ਦਾਖਲ ਦਫਤਰ ਕਰ ਦਿੱਤੀ ਗਈ ਹੈ ਅਤੇ ਦਾਖਲ ਦਫਤਰ ਕਰਨ ਸਬੰਧੀ ਨੋਟਿੰਗ ਦੀਆਂ ਕਾਪੀਆਂ ਵੀ ਨਾਲ ਨੱਥੀ ਕੀਤੀਆਂ ਗਈਆਂ ਹਨ। ਸ਼ਿਕਾਇਤਕਰਤਾ ਨੂੰ ਆਪਣਾ ਪੱਖ ਪੇਸ਼ ਕਰਨ ਦਾ ਮੌਕਾ

ਪਰਤੋ ਜੀ------ਚਲਦਾ ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



ਦਿੰਦੇ ਹੋਏ ਹਦਾਇਤ ਕੀਤੀ ਗਈ ਸੀ ਕਿ ਜੇਕਰ ਉਸ ਨੂੰ ਪ੍ਰਾਪਤ ਹੋਈ ਸੂਚਨਾ ਵਿੱਚ ਕੋਈ ਤਰੁੱਟੀਆਂ ਪਾਈਆਂ ਜਾਣ ਤਾਂ ਉਨ੍ਹਾਂ ਬਾਰੇ ਲਿਖਤੀ ਰੂਪ ਵਿੱਚ ਸਿੱਧੇ ਤੌਰ ਤੇ ਲੋਕ ਸੂਚਨਾ ਅਧਿਕਾਰੀ ਨੂੰ ਸੂਚਿਤ ਕੀਤਾ ਜਾਵੇ ਤਾਂ ਜ਼ੋ ਉਨ੍ਹਾਂ ਦੀ ਪੂਰਤੀ ਕੀਤੀ ਜਾ ਸਕੇ। ਉਤਰਦਾਤਾ ਨੂੰ ਹਦਾਇਤ ਕੀਤੀ ਗਈ ਸੀ ਕਿ ਸ਼ਿਕਾਇਤਕਰਤਾ ਪਾਸੋਂ ਜੇ ਕੋਈ ਤਰੁੱਟੀਆਂ ਦਸੀਆਂ ਜਾਂਦੀਆਂ ਹਨ ਤਾਂ ਉਨ੍ਹਾਂ ਨੂੰ ਦੂਰ ਕਰਕੇ ਸ਼ਿਕਾਇਤਕਰਤਾ ਨੂੰ ਭਜਦੇ ਹੋਏ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਹਦਾਇਤ ਦੇ ਨਾਲ ਇਹ ਕੇਸ ਅਗਲੀ ਸੁਣਵਾਈ ਮਿਤੀ 23-10-2019 ਨੂੰ ਨਿਸਚਿਤ ਕੀਤਾ ਗਿਆ ਸੀ।

2. ਅੱਜ ਸ਼ਿਕਾਇਤਕਰਤਾ ਹਾਜਰ ਨਹ਼ੀਂ ਹੋਇਆ ਅਤੇ ਨਾ ਹੀ ਉੱਤਰਦਾਤਾ ਵਲੋਂ ਕੋਈ ਹਾਜ਼ਰ ਹੋਇਆ ਹੈ।

3. ਇਹ ਕੇਸ ਅੱਜ ਮਿਤੀ 23-10-2019 ਨੂੰ ਪ੍ਰਾਪਤ ਹੋਈ ਸੂਚਨਾ ਵਿੱਚ ਕੋਈ ਤਰੱਟੀਆਂ ਪਾਈਆਂ ਜਾਣ ਤਾਂ ਉਨ੍ਹਾਂ ਬਾਰੇ ਲਿਖਤੀ ਰੂਪ ਵਿੱਚ ਸਿੱਧੇ ਤੌਰ ਤੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਸੂਚਿਤ ਕਰਨ ਅਤੇ ਪਾਈਆਂ ਗਈਆਂ ਤਰੁੱਟੀਆਂ ਨੂੰ ਦੂਰ ਕਰਨ ਲਈ ਨਿਸਚਿਤ ਕੀਤਾ ਗਿਆ ਸੀ। ਇਸ ਕੇਸ ਵਿਚ ਕੋਈ ਤਰੁੱਟੀਆਂ ਪ੍ਰਾਪਤ ਨਹੀਂ ਹੋਈਆਂ ਅਤੇ ਨਾ ਹੀ ਉੱਤਰਦਾਤਾ ਵਲੋਂ ਕੋਈ ਹਾਜ਼ਰ ਹੋਇਆ। ਇਸ ਤਰ੍ਹਾਂ ਇਸ ਕੇਸ ਵਿਚ ਕਿਸੇ ਹੋਰ ਕਾਰਵਾਈ ਦੀ ਲੋੜ ਨਹੀਂ। ਇਸ ਲਈ **ਇਹ ਸ਼ਿਕਾਇਤ ਕੇਸ ਬੰਦ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)

ਮਿਤੀ: ਚੰਡੀਗੜ੍ਹ, 23 ਅਕਤੂਬਰ, 2019. ਰਾਜ ਸੂਚਨਾ ਕਮਿਸ਼ਨਰ, ਪੰਜਾਬ।